# ਅਲਵਿਦਾ ਨਹੀਂ

**ਪਹਿਲੀਆਂ ਰਚਨਾਵਾਂ :**

- ਪਰਕਰਮਾ
- ਇਕੱਲ ਦਾ ਸਫ਼ਰ
- ਇਕ ਸ਼ਾਇਰ–ਇਕ ਪੈਗ਼ੰਬਰ
- ਕੱਚ ਦਾ ਗੁੰਬਦ
- ਸੁਨਹਿਰੀ ਬੀਨ
- ਝਾਂਜਰ ਵੀ–ਜ਼ੰਜੀਰ ਵੀ

# ਅਲਵਿਦਾ ਨਹੀਂ

ਅਮਰੀਕ ਡੋਗਰਾ

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry/Gazal*

ISBN : 978-93-5068-160-2
Price : 135/-

**Alvida Nahin**

*By*

**Amrik Dogra**
Lajwanti Street, Garhdiwala
Hoshiarpur-144207
Mob: 9814152223
Land line: 01886-260024

2012
Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan, Ludhiana
Design PCIS
Type Setting : Randhir Singh Bawa, Mob: 9855597642
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਸਮਰਪਣ**

ਪਰਮ ਮਿੱਤਰ
ਡਾ. ਦਲਜੀਤ ਸਿੰਘ ਚੀਮਾ ਤੇ
ਸ੍ਰੀ ਸੁਖਵਿੰਦਰ ਸਿੰਘ ਚੋਹਲਾ
ਲਈ

# ਤਤਕਰਾ


- ਦੋਸਤੀ ਦੇ ਨਾਂ 'ਤੇ 9
- ਲਹੂ ਦੇ ਦੀਵੇ 11
- ਮਾਵਾਂ 14
- ਝੂਠੀ ਆਸ 15
- ਸਰਸਾ ਨਦੀ 18
- ਵਿਦਾ ਹੋਣ ਤੋਂ ਪਹਿਲਾਂ 20
- ਅਲਵਿਦਾ ਨਹੀਂ 22
- ਪਿਤਾ ਨੂੰ 27
- ਜਦੋਂ ਸੂਰਜ ਡੁੱਬਣ ਲੱਗਦਾ ਹੈ 30
- ਮਿੱਟੀ ਦਾ ਪਿਆਰ 33
- ਛਨਾਲ 36
- ਮਾਂ-ਪੁੱਤ ਦਾ ਸੰਵਾਦ 40
- ਕਵਿਤਾ 42
- ਅਜਨਬੀ 43
- ਨਮੋਸ਼ੀ 45
- ਨਹਿਰੂ 47
- ਇੱਛਾਧਾਰੀ ਸੱਪ 48
- ਸ਼ਬਦਾਂ ਦੀ ਗਵਾਹੀ 51
- ਸ਼ੁਕਰਾਣੂ 51
- ਆਪਣੀ ਛੱਤ 52
- ਅਜਨਬੀ 55
- ਸੇਵਾ-ਮੁਕਤੀ ਪਿੱਛੋਂ 57
- ਖ਼ੁਸ਼ਬੂ ਦੀ ਲਹਿਰ 59
- ਸ਼ਬਦ 61
- ਪੱਥਰ ਯੁੱਗ ਦਾ ਸਿਕੰਦਰ 64

- ਤੁਸੀਂ ਇਸ ਤਰ੍ਹਾਂ ਆਉਣਾ 65
- ਮੌਤ ਨੇ ਸ਼ਾਇਰ ਨੂੰ ਕਿਹਾ 68
- ਬਿਰਖ ਨੂੰ ਭਰੋਸਾ ਹੈ 70
- ਹੰਝੂ 71
- ਸ਼ੁਕਰਗੁਜ਼ਾਰੀ 72
- ਬੁਝਾਰਤ 72
- ਮੋਹ ਦਾ ਰਿਸ਼ਤਾ 73
- ਅਮਰੀਕ ਸਿਆਂ 74
- ਪਹਿਲਾਂ ਵੰਡ ਲਈ ਜ਼ਮੀਨ 79
- ਤੇਰੇ ਘਰ ਨੂੰ ਸਲਾਮ 80
- ਅਸੀਂ ਹਾਰ ਕੇ ਸਨਮ 81
- ਸਾਥੋਂ ਹੱਸ ਵੀ ਨਾ ਹੋਵੇ 82
- ਗੱਲ ਕਰਦੀ ਨੂੰ 83
- ਮੇਰੇ ਸੱਜਣਾ 85
- ਦੀਵੇ ਹੰਝੂਆਂ ਦੇ 86
- ਕਦੀ ਨਿੱਘੀਆਂ ਧੁੱਪਾਂ 'ਤੇ 87
- ਨੀ ਜਿੰਦੇ ਤੂੰ 88
- ਮੇਰੇ ਨੈਣਾਂ 'ਚ 89
- ਅੱਜ ਧੀਆਂ ਨੂੰ ਮਾਰਨ ਵਾਲੇ 91
- ਅੱਜ ਖ਼ਤ ਤੇਰਾ 92
- ਹੁਣ ਪੰਜਾਬ 'ਚ 93
- ਹੁਣ ਮੈਂ ਤਾਂ ਚੁੱਪ 94
- ਅੱਖੀਆਂ 'ਚ ਹੰਝੂ ਆ ਗਏਅੱਖੀਆਂ 'ਚ ਹੰਝੂ ਆ ਗਏ 95
- ਮੇਰਾ ਗ਼ਮ ਨੇ ਵੰਡਾਉਂਦੇ 96

# ਦੋਸਤੀ ਦੇ ਨਾਂ 'ਤੇ

ਦੋਸਤੀ ਦੇ ਨਾਂ 'ਤੇ ਕੁਝ ਨੇ ਮੋਮਬੱਤੀਆਂ ਬਾਲਦੇ,
ਦੁਸ਼ਮਣੀ ਦੇ ਵਾਸਤੇ ਕੁਝ ਲੋਕ ਲੋਹਾ ਢਾਲਦੇ,
ਨਾ ਇਹ ਉਸ ਦੇ ਨਾਲ ਦੇ ਨੇ, ਨਾ ਹੀ ਮੇਰੇ ਨਾਲ ਦੇ।

ਯਾ ਖ਼ੁਦਾ! ਹੁਣ ਮਿਹਰ ਕਰ ਮਾਸੂਮ ਲੋਕਾਂ ਨੂੰ ਬਚਾ,
ਫਿਰ ਤਬਾਹੀ ਨਾ ਲਿਆਵੇ ਇਹ ਸਿਆਸਤ ਦੀ ਹਵਾ।

ਖ਼ੁਦ ਲੜਾਈਆਂ ਛੇੜਦੇ ਫਿਰ ਆਪ ਹੰਝੂ ਕੇਰਦੇ,
ਆਸਤੀਨਾਂ ਵਿਚ ਛੁਪਾ ਕੇ ਸੱਪ ਮਾਲਾ ਫੇਰਦੇ,
ਇਹ ਸ਼ਿਕਾਰੀ ਪੰਛੀਆਂ ਨੂੰ ਚੋਗ ਪਾ ਕੇ ਘੇਰਦੇ।

ਫਿਰ ਤਲਿੱਸਮੀ-ਜਾਲ ਵਿੱਚ ਲੈਂਦੇ ਨੇ ਇਹ ਸਭ ਨੂੰ ਫਸਾ,
ਸੰਸਦੀ-ਪੈਗੰਬਰਾਂ ਨੂੰ ਕੌਣ ਦੇਵੇਗਾ ਸਜ਼ਾ?

ਇਹ ਤਾਂ ਉਡਣੇ ਨਾਗ ਹਨ ਜਿਹੜੇ ਹਵਾਵਾਂ ਡੰਗਦੇ,
ਡੰਗਦੇ ਜਿਨ੍ਹਾਂ ਨੂੰ ਉਹ ਪਾਣੀ ਵੀ ਨਹੀਓਂ ਮੰਗਦੇ,
ਮੰਗਦੇ ਜੋ ਖ਼ੈਰ, ਉਹਨਾਂ ਨੂੰ ਲਹੂ ਵਿੱਚ ਰੰਗਦੇ।

ਇਹ ਨਾ ਦਿੱਲੀ ਦੇ ਸਕੇ ਤੇ ਨਾ ਸਕੇ ਇਹ ਝੰਗ ਦੇ,
ਸੱਤਾ ਖੁਸਦੀ ਦੇਖ ਕੇ ਭੇਜਣ ਇਹ ਬੱਦਲ ਜੰਗ ਦੇ।

ਜਿਸਮ ਇਕ ਸੀ ਫਿਰ ਵੀ ਸਤਲੁਜ ਤੇ ਝਨਾਂ ਨੂੰ ਵੰਡ ਲਿਆ,
ਪਿਆਰ ਵਿੱਚ ਸਿੰਜੀ ਹੋਈ ਹਰ ਇਕ ਥਾਂ ਨੂੰ ਵੰਡ ਲਿਆ,
ਸਾਂਝ ਦੀ ਚਾਦਰ 'ਤੇ ਕੱਢੀ ਧੁੱਪ-ਛਾਂ ਨੂੰ ਵੰਡ ਲਿਆ।

ਸਾਂਝੀਆਂ ਰਸਮਾਂ ਦੀਆਂ ਸਭ ਦੌਲਤਾਂ ਨੂੰ ਵੰਡ ਲਿਆ,
ਧਰਮ ਦੇ ਹੀ ਨਾਂ 'ਤੇ ਇਹਨਾਂ ਧਰਤੀਆਂ ਨੂੰ ਵੰਡ ਲਿਆ।

ਤਾਰੀਆਂ ਲਹੂਆਂ 'ਚ ਲਾ ਕੇ ਫਿਰ ਇਹ ਰੋਵਣ ਲੱਗ ਪਏ,
ਅੱਖੀਆਂ 'ਚੋਂ ਅੱਥਰੂ ਕੀ ਖ਼ੂਨ ਚੋਵਣ ਲੱਗ ਪਏ,
ਏਕਤਾ ਦੇ ਨਾਂ 'ਤੇ ਥਾਂ-ਥਾਂ ਜਲਸੇ ਹੋਵਣ ਲੱਗ ਪਏ।

ਦੋਸਤੀ ਦੇ ਨਾਂ 'ਤੇ ਬਦਲਾਖੋਰੀਆਂ ਕਰਦੇ ਰਹੇ,
ਮਸਜਿਦਾਂ ਤੇ ਮੰਦਰਾਂ ਵਿੱਚ ਬੰਬ ਵੀ ਧਰਦੇ ਰਹੇ।

ਮੋਮਬੱਤੀਆਂ ਨਾਲ ਨ੍ਹੇਰੇ ਦੂਰ ਹੋਵਣ ਸਚ ਨਹੀਂ,
ਸਿਰਫ਼ ਗੱਲਾਂ ਨਾਲ ਟੋਏ ਪੂਰ ਹੋਵਣ ਸਚ ਨਹੀਂ,
ਤਰਲਿਆਂ ਦੇ ਨਾਲ ਪੱਥਰ ਚੂਰ ਹੋਵਣ ਸਚ ਨਹੀਂ।

ਲੋੜ ਹੈ ਇਤਿਹਾਸ ਦੇ ਪੰਨਿਆਂ 'ਚੋਂ ਨਫ਼ਰਤ ਧੋਣ ਦੀ,
ਲੋੜ ਹੈ ਹੁਣ ਫੁੱਲ ਤੇ ਖ਼ੁਸ਼ਬੂ ਵਾਂਗ ਕੱਠੇ ਹੋਣ ਦੀ।

ਮੋਮਬੱਤੀਆਂ ਬਾਲੀਏ ਪਰ ਲੋਅ ਨੂੰ ਉੱਚਾ ਰੱਖੀਏ,
ਬੀਜੀਏ ਮੱਥੇ 'ਚ ਚਾਨਣ, ਦਿਲ ਨੂੰ ਸੁੱਚਾ ਰੱਖੀਏ,
ਦੋਸਤੀ ਦੀ ਆੜ ਵਿੱਚ ਨਾ ਖ਼ਾਬ ਲੁੱਚਾ ਰੱਖੀਏ।

ਫੇਰ ਮੁਮਕਿਨ ਹੈ, ਲਹੂ ਦੀ ਲੀਕ ਫਿੱਕੀ ਪੈ ਸਕੇ,
ਦੋਸਤੀ ਦਾ ਪੰਛੀ ਸਾਂਝਾ ਦੇ ਬਨੇਰੇ ਬਹਿ ਸਕੇ।

# ਲਹੂ ਦੇ ਦੀਵੇ

ਦੀਵੇ ਲਹੂ ਦੇ ਤੂੰ ਘਰਾਂ 'ਚ ਜਗਾ ਨਾ ਹਾਕਮਾ।
ਤੂੰ ਚਿਰਾਗ਼ ਸਾਡੇ ਨੈਣਾਂ ਦੇ ਬੁਝਾ ਨਾ ਹਾਕਮਾ।

ਤੈਨੂੰ ਲੋਕਾਂ ਦੀਆਂ ਜਾਨਾਂ ਨਾਲੋਂ, ਵੈਣ ਨੇ ਪਿਆਰੇ,
ਤੈਨੂੰ ਚਾਵਾਂ, ਮੁਸਕਾਨਾਂ ਨਾਲੋਂ, ਵੈਣ ਨੇ ਪਿਆਰੇ,
ਤੈਨੂੰ ਗੀਤਾਂ, ਸਾਜ਼ਾਂ, ਤਾਨਾਂ ਨਾਲੋਂ, ਵੈਣ ਨੇ ਪਿਆਰੇ।

ਜਿਨ੍ਹਾਂ ਹੱਥਾਂ ਨੇ ਉਲੀਕਣਾਂ ਏ ਨਵਾਂ ਇਤਿਹਾਸ,
ਉਨ੍ਹਾਂ ਹੱਥਾਂ 'ਚ ਸੰਗੀਨਾਂ ਤੂੰ ਫੜਾ ਨਾ ਹਾਕਮਾ।

ਸਾਰੇ ਜਾਣਦੇ ਕਿਉਂ ਸੀਮਾ ਉੱਤੇ ਵਗਦਾ ਏ ਖ਼ੂਨ,
ਇਹ ਵੀ ਪਤਾ ਦੋਹਾਂ ਧਿਰਾਂ 'ਚ ਹੈ ਮਜ਼ਹਬੀ ਜਨੂੰਨ,
ਲਾਸ਼ਾਂ ਵੇਖ ਕੇ ਹੀ ਮਿਲਦਾ ਹੈ ਦੋਹਾਂ ਨੂੰ ਸਕੂਨ।

ਇਹ ਜੋ ਏਕਤਾ ਦੇ ਨਾਅਰੇ ਅਸੀਂ ਸੁਣੇ ਬੜੀ ਦੇਰ,
ਮੁੜ-ਮੁੜ ਕੇ ਉਹ ਨਾਅਰੇ, ਤੂੰ ਸੁਣਾ ਨਾ ਹਾਕਮਾ।

ਅਸੀਂ ਮੁਲਕਾਂ ਦੀ ਵੰਡ ਕਿੰਨੀ ਵਾਰ ਦੇਖੀ ਏ,
ਤ੍ਰਿਸ਼ੂਲ, ਤਲਵਾਰ, ਚਲਦੀ ਕਟਾਰ ਦੇਖੀ ਏ,
ਟੈਂਕਾਂ, ਬੰਬਾਂ ਦੀ ਤਬਾਹੀ ਬੇਸ਼ੁਮਾਰ ਦੇਖੀ ਏ।

ਇਹ ਉਜੜੇ ਮਕਾਨ, ਇਹ ਤੂਫ਼ਾਨ, ਬੀਆਬਾਨ,
ਅਸੀਂ ਬਹੁਤ ਦੇਖੇ, ਮੁੜ ਕੇ ਦਿਖਾ ਨਾ ਹਾਕਮਾ।

ਜਿਉਂ ਕਰੀ ਜਾਨੈ ਪੰਛੀਆਂ ਦਾ ਜੀਣਾ ਤੂੰ ਹਰਾਮ,
ਕੋਈ ਕਿਸੇ ਦਾ ਵੀ ਰਹਿਣਾ ਨਹੀਓਂ ਚਾਹੁੰਦਾ ਏ ਗੁਲਾਮ,
ਸਾਰੇ ਚਾਹੁੰਦੇ ਦਿਨ ਆਪਣਾ ਤੇ ਆਪਣੀ ਹੀ ਸ਼ਾਮ।

ਜਿਨ੍ਹਾਂ ਹੰਸਾਂ ਨੂੰ ਏ ਮੋਤੀਆਂ ਦੇ ਚੁਗਣੇ ਦਾ ਚਾਅ,
ਉਹਨਾਂ ਵਾਸਤੇ ਤੂੰ ਕੰਕਰਾਂ ਵਿਛਾ ਨਾ ਹਾਕਮਾ।

ਤੂੰ ਹੀ ਦਿੱਲੀ ਦੇ ਫ਼ਸਾਦਾਂ ਵਿੱਚ ਕੀਤੀ ਏ ਤਬਾਹੀ,
ਤੂੰਹੀਓਂ ਤਖ਼ਤ ਵੀ ਢਾਹਿਆ ਤੇ ਮਸੀਤ ਵੀ ਤੂੰ ਢਾਹੀ,
ਤੇਰੇ ਜ਼ੁਲਮਾਂ ਦੀ ਮੁੱਕਣੀ ਨਈਂ ਦੇਰ ਤੱਕ ਸਿਆਹੀ।

ਪੰਜ-ਆਬਾਂ ਦਾ ਉਜਾੜਾ, ਰਾਜਧਾਨੀ ਦਾ ਦੁਖਾਂਤ,
ਜਾਣ ਦੇ ਇਹ ਗੱਲਾਂ ਤੂੰ ਦੁਹਰਾ ਨਾ ਹਾਕਮਾ।

ਇਕ ਧਰਤੀ ਦਾ ਟੋਟਾ ਕਿੰਨਾ ਖ਼ੂਨ ਪੀ ਗਿਆ,
ਖ਼ੂਨ ਦੋਹਾਂ ਦਾ ਹੀ ਦੋਹਾਂ ਦਾ ਜਨੂੰਨ ਪੀ ਗਿਆ,
ਸਾਹ-ਸਤ ਜਿਹੜਾ ਬਚਿਆ ਕਾਨੂੰਨ ਪੀ ਗਿਆ।

ਤੇਰੀ ਗ਼ਲਤੀ ਨੇ ਖ਼ੂਨ ਬੇਸ਼ੁਮਾਰ ਡੋਲ੍ਹਿਆ,
ਹੁਣ ਲਾਸ਼ਾਂ ਵੱਟੇ, ਵੋਟਾਂ ਤੂੰ ਵਟਾ ਨਾ ਹਾਕਮਾ।

ਸਾਨੂੰ ਸੋਚ ਕੇ ਤੂੰ ਦੱਸ ਨਿੱਕੇ-ਨਿੱਕੇ ਇਹ ਸਵਾਲ,
ਕਿਉਂ ਹੱਲ ਨਹੀਓਂ ਹੁੰਦੇ, ਲੰਘ ਚੱਲੇ ਕਿੰਨੇ ਸਾਲ,
ਅਸੀਂ ਜਾਣਦੇ ਹਾਂ, ਇਹਦੇ ਪਿੱਛੇ ਕੀ ਏ ਗੁੱਝੀ ਚਾਲ।

ਤੇਰੀ ਸੱਤਾ ਦਾ ਗ਼ਰੂਰ, ਕਰੀ ਜਾਂਦੈ ਸਭ ਚੂਰ,
ਫੋਕੇ ਪੱਜਾਂ ਨਾਲ ਸਾਨੂੰ ਭਰਮਾ ਨਾ ਹਾਕਮਾ।

ਚਾਹੇ ਸਰਹੱਦੋਂ ਉਰੇ, ਚਾਹੇ ਸਰਹੱਦੋਂ ਪਾਰ,
ਅਸੀਂ ਜਾਣਦੇ ਹਾਂ ਕਿਹੜੀ ਗੱਲੋਂ ਹੁੰਦੀ ਮਾਰੋ-ਮਾਰ,
ਸਾਨੂੰ ਕਰੇ ਸ਼ਰਮਿੰਦਾ ਇਹਨਾਂ ਪੰਛੀਆਂ ਦੀ ਡਾਰ।

ਧੁੱਪਾਂ-ਛਾਵਾਂ ਅਤੇ ਬੱਦਲਾਂ-ਹਵਾਵਾਂ ਕੋਲੋਂ ਸਾਨੂੰ,
ਦਿਨ-ਰਾਤ ਹੁਣ ਟਿੱਚਰਾਂ ਕਰਾ ਨਾ ਹਾਕਮਾ।

ਜ਼ਰਾ ਸੱਤਾ ਦੇ ਹਨੇਰਿਆਂ 'ਚੋਂ ਬਾਹਰ ਆ ਕੇ ਝਾਤ,
ਤੈਨੂੰ ਪਤਾ ਲੱਗੇ ਕਿੰਨੀ ਏ ਵਿਸ਼ਾਲ ਕਾਇਨਾਤ,
ਅਫ਼ਸੋਸ ਤੂੰ ਤਾਂ ਭੁੱਲ ਚੁੱਕੈਂ ਆਪਣੀ ਔਕਾਤ।

ਕਦੀ ਲਾਸ਼ਾਂ 'ਤੇ ਖਲੋ ਕੇ ਕੱਦ ਉੱਚਾ ਨਹੀਓਂ ਹੁੰਦਾ,
ਕੱਦ ਹੋਰ ਵੀ ਤੂੰ ਆਪਣਾ ਘਟਾ ਨਾ ਹਾਕਮਾ।

ਕਦੀ ਹੱਥ ਤੂੰ ਮਿਲਾਏਂ, ਕਦੀ ਹੱਥ ਤੂੰ ਛੁਡਾਏਂ,
ਕਦੀ ਕਰਦੈਂ ਤੂੰ ਸੰਧੀ, ਕਦੀ ਅੱਖੀਆਂ ਦਿਖਾਏਂ,
ਪੱਜ ਕਿੰਨੇ-ਕਿੰਨੇ ਪਾ ਕੇ ਗੱਲ ਐਵੇਂ ਲਟਕਾਏਂ।

ਅਸੀਂ ਨਾਟਕਾਂ 'ਚ ਦੇਖੀ ਏ ਬਥੇਰੀ ਅਦਾਕਾਰੀ,
ਸਾਨੂੰ ਹੋਰ ਅਦਾਕਾਰੀਆਂ ਦਿਖਾ ਨਾ ਹਾਕਮਾ।

ਦੀਵੇ ਲਹੂ ਦੇ ਤੂੰ ਘਰਾਂ 'ਚ ਜਗਾ ਨਾ ਹਾਕਮਾ,
ਤੂੰ ਚਿਰਾਗ਼ ਸਾਡੇ ਨੈਣਾਂ ਦੇ ਬੁਝਾ ਨਾ ਹਾਕਮਾ।



# ਮਾਵਾਂ

ਬਹੁਤ ਠੰਢ ਹੈ
ਹੱਡਾਂ ਨੂੰ ਚੀਰਦੀਆਂ ਜਾਂਦੀਆਂ ਹਨ
ਸਰਦ ਹਵਾਵਾਂ
ਇਸ ਰੁੱਤੇ ਕੀ ਕਰਨ ਬਿਰਧ ਮਾਵਾਂ ?
ਅੰਗੀਠੀ 'ਚ ਕੋਲੇ ਪਾ ਕੇ ਅੱਗ ਸੇਕਦੀਆਂ
ਹੱਡਾਂ ਦਾ ਠਾਰ ਭੰਨਦੀਆਂ
ਪੁੱਤਾਂ ਦੀਆਂ ਰਾਹਾਂ ਦੇਖਦੀਆਂ
ਅਤੀਤ ਵੱਲ ਝਾਕਦੀਆਂ
ਧੁੰਦਲੀਆਂ ਨਜ਼ਰਾਂ ਅਜੇ ਵੀ ਨਹੀਂ ਥੱਕਦੀਆਂ।
ਧੀਆਂ ਦੀ ਸੁੱਖ ਮੰਗਦੀਆਂ
ਸੀਤ ਹਵਾਵਾਂ 'ਚ ਠੁਰ-ਠੁਰ ਕਰਦੀਆਂ ਵੀ ਕਹਿੰਦੀਆਂ
'ਤੱਤੀ 'ਵਾ ਵੀ ਨਾ ਆਏ ਮੇਰੇ ਬੱਚਿਆਂ ਵੱਲੋਂ'
ਮੈਂ ਰਜਾਈ ਦਾ ਨਿੱਘ ਮਾਣਦਾ
ਹਰ ਹਕੀਕਤ ਜਾਣਦਾ
ਮਾਂ ਨੂੰ ਖ਼ਤ ਲਿਖਦਾ ਹਾਂ
'ਮਾਂ ਮੈਂ ਛੇਤੀ ਆਵਾਂ ਗਾ'
ਪਰ ਮਾਂ ਜਾਣਦੀ ਹੈ
ਉਹਦਾ ਪਤੀ ਵੀ ਵਿਦੇਸ਼ੋਂ ਨਹੀਂ ਸੀ ਪਰਤਿਆ
'ਪੁੱਤਾ ਤੂੰ ਵੀ ਮੇਰੀ ਮੋਈ ਤੋਂ ਬਾਅਦ ਹੀ ਆਉਣਾ ਹੈ
ਮੇਰੇ ਸਿਵੇ ਨੂੰ ਕਿਸੇ ਤਾਂ ਜਗਾਉਣਾ ਹੈ'
ਸਰਦ ਸੀਤ ਹਵਾਵਾਂ 'ਚ
ਮਾਵਾਂ, ਅੰਗੀਠੀ 'ਚ ਕੋਲੇ ਪਾ ਕੇ
ਆਪਣਾ-ਆਪਣਾ ਸਿਵਾ ਸੇਕਦੀਆਂ ਹਨ
ਪੁੱਤਾਂ ਨੂੰ ਉਡੀਕਦੀਆਂ ਹਨ।

# ਝੂਠੀ ਆਸ

ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।
ਇਨ੍ਹਾਂ ਪਹਿਲਾਂ ਵੀ ਤਾਂ ਰੋਲਿਆ ਹੈ ਤੇਰਾ ਕੱਖ-ਕੱਖ।

ਪਹਿਲਾਂ ਵੀ ਇਨ੍ਹਾਂ ਨੇ ਤੇਰਾ ਕੀਤਾ ਕੀ ਲਿਹਾਜ
ਪਹਿਲਾਂ ਵੀ ਇਨ੍ਹਾਂ ਨੇ ਤੇਰੀ ਕਿੰਨੀ ਰੱਖੀ ਲਾਜ
ਕਿੰਨੀ ਵਾਰੀ ਕੀਤਾ ਤੇਰੇ ਵਾਅਦਿਆਂ ਦਾ ਖ਼ੂਨ
ਕਿੰਨਾ ਰਹੇ ਚੁੱਕਦੇ ਇਹ ਮਜ਼ਹਬੀ ਜਨੂੰਨ

ਤੈਨੂੰ ਇਨ੍ਹਾਂ ਮਾਰਨਾ ਹੈ ਹੁਣ ਵੀ ਕੁਥਾਂ
ਭਾਵੇਂ ਖਾਈ ਜਾਣ ਨਿੱਤ ਇਹੋ ਸੌਂਹਾਂ ਲੱਖ-ਲੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

ਐਵੇਂ ਭੁਲ ਨਾ ਅਤੀਤ ਐਵੇਂ ਗਾਲ਼ ਨਾ ਭਵਿੱਖ
ਜਿੰਨੇ ਖਾਧੇ ਨੇ ਤੂੰ ਧੋਖੇ ਉਹਨਾਂ ਤੋਂ ਹੀ ਕੁਝ ਸਿੱਖ
ਚਾਲ ਇਨ੍ਹਾਂ ਦੀ ਪਛਾਣ ਲਾ ਕੇ ਪੂਰਾ ਤੂੰ ਧਿਆਨ
ਕਿੰਨੀ ਵਾਰੀ ਇਨ੍ਹਾਂ ਵੇਚਿਆ ਏ ਆਪਣਾ ਇਮਾਨ

ਕਿੰਨੀ ਵਾਰੀ ਤੇਰੀ ਥਾਲੀ ਵਿੱਚ ਕੀਤਾ ਇਨ੍ਹਾਂ ਛੇਕ
ਕਿੰਨੀ ਵਾਰੀ ਨਹੁੰਆਂ ਨਾਲੋਂ ਮਾਸ ਕੀਤਾ ਵੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

ਮੈਨੂੰ ਦਿਸਦੇ ਨੇ ਤੇਰਿਆਂ ਨਸੀਬਾਂ 'ਚ ਹਨੇਰੇ
ਤੇਰੇ ਵਿਹੜੇ ਵਿੱਚ ਦਿਸਦੇ ਧੁਆਂਖੇ ਜਿਹੇ ਸਵੇਰੇ
ਤੈਨੂੰ ਪਤੈ, ਇਨ੍ਹਾਂ ਹੁਣ ਤੱਕ ਕੀ-ਕੀ ਚੰਦ ਚਾੜ੍ਹੇ
ਕਿੰਨੇ ਵਸਦੇ ਉਜਾੜੇ ਤੇ ਮਾਸੂਮ ਕਿੰਨੇ ਸਾੜੇ

ਹਨ ਬਗਲਾਂ 'ਚ ਛੁਰੀਆਂ ਤੇ ਮੂੰਹ 'ਚ ਰਾਮ-ਰਾਮ
ਮੈਨੂੰ ਜਾਪਦੀ ਏ ਅਜੇ ਵੀ ਇਨ੍ਹਾਂ ਦੀ ਕੈਰੀ ਅੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

ਕਿੰਨੀ ਤੇਰੀ ਕੁਰਬਾਨੀ ਕਿੰਨਾ ਪਿਆ ਤੇਰਾ ਮੁੱਲ ?
ਜਦੋਂ ਮੰਗੇ ਕਦੀ ਹੱਕ ਤੇਰੇ ਸਿਉਂ ਦਿੱਤੇ ਬੁੱਲ
ਕਿਹੜੀ ਥਾਂ ਐਸੀ ਜਿੱਥੇ ਤੈਨੂੰ ਜੀਣ ਦੀ ਏ ਖੁੱਲ
ਕਦੀ ਹੋਣਗੇ ਇਹ ਤੇਰੇ ਇਹ ਵੀ ਹੈਗੀ ਤੇਰੀ ਭੁੱਲ

ਤੇਰੀ ਬੋਲੀ ਨੂੰ ਵੀ ਕੀਤਾ ਨਹੀਓਂ ਜਿਨ੍ਹਾਂ ਨੇ ਕਬੂਲ
ਕਿਵੇਂ ਕਰਨਗੇ ਉਹ ਦੁਨੀਆ 'ਚ ਪੇਸ਼ ਤੇਰਾ ਪੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

ਤੈਨੂੰ ਸਾੜਿਆ, ਉਜਾੜਿਆ, ਕੀ ਦੋਸ਼ੀ ਤੇਰੇ ਫੜੇ ?
ਤੈਨੂੰ ਫਾਹੇ ਲਾਉਣ ਵਾਲੇ ਭਲਾ ਕਿੰਨੇ ਫਾਹੇ ਚੜੇ ?
ਜਿਨ੍ਹਾਂ ਪੱਗ ਤੇਰੀ ਲਾਹੀ, ਤੇਰੇ ਜੀਆ-ਜੰਤ ਸਾੜੇ
ਬਹਿ ਕੇ ਗੱਦੀਆਂ 'ਤੇ ਉਹੀ ਅੱਜ ਮਾਰਦੇ ਘੁਰਾੜੇ

ਜਿਨ੍ਹਾਂ ਖੇਤਾਂ ਦੇ ਬਸੀਮੇ ਸਰਹੱਦਾਂ ਨੇ ਬਣਾਏ
ਉਨ੍ਹਾਂ ਦੁਨੀਆ 'ਚ ਕੀਤੀ ਬਦਨਾਮ ਤੇਰੀ ਦੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

ਅੱਤਵਾਦੀ, ਵੱਖਵਾਦੀ, ਕਦੀ ਆਖਿਆ ਗ਼ੱਦਾਰ
ਕਿੰਨਾ ਦੇਖ ਲੈ ਇਨ੍ਹਾਂ ਨੇ ਕੀਤੈ ਤੇਰਾ ਸਤਿਕਾਰ
ਕਿੰਨਾ ਸੁਹਣਾ ਪਾਇਆ ਗਿਆ ਕੁਰਬਾਨੀਆਂ ਦਾ ਮੁੱਲ
ਤੇਰਾ ਦੀਵਾ ਕੀਤਾ ਜਾਊਗਾ ਜ਼ਰੂਰ ਕਦੀ ਗੁੱਲ

ਪਹਿਲਾਂ ਗ਼ੈਰਾਂ ਦੀ ਗ਼ੁਲਾਮੀ ਵਿੱਚ ਝੱਲੇ ਤੂੰ ਤਸੀਹੇ
ਹੁਣ ਲਈ ਹੈ ਆਜ਼ਾਦੀ ਤਾਂ ਸੁਆਦ ਇਹ ਵੀ ਚੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

ਇਹ ਤਾਂ ਖ਼ੁਦ ਹੀ ਨੇ ਕਾਤਲਾਂ ਦੇ ਕਾਤਲਾਂ ਦੇ ਬਾਪ
ਇਨ੍ਹਾਂ ਵਾਸਤੇ ਤਾਂ ਦੁਨੀਆ 'ਚ ਕੁਝ ਵੀ ਨਈ ਪਾਪ
ਅਜੇ ਵੀ ਇਨ੍ਹਾਂ ਨੂੰ ਉੱਚੀ ਜਾਤ ਦਾ ਹੈ ਮਾਣ
ਭਾਵੇਂ ਕਾਮਿਆਂ ਦੇ ਘਰੋਂ ਇਹੋ ਮੰਗ-ਮੰਗ ਖਾਣ

ਕਿੰਨਾ ਰੋਲ਼ ਦਿੱਤਾ ਇਨ੍ਹਾਂ ਸਾਰੇ ਦੇਸ਼ ਦਾ ਵਕਾਰ
ਹੁਣ ਨੀਲੀ ਛੱਤ ਵਾਲਿਆਂ ਬਚਾ ਕੇ ਤੂੰਹੀਓਂ ਰੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

ਭਾਵੇਂ ਉੱਨ੍ਹੀ ਸੌ ਸੰਤਾਲੀ ਭਾਵੇਂ ਉੱਨ੍ਹੀ ਸੌ ਚੁਰਾਸੀ
ਤੇਰੇ ਹਿੱਸੇ ਆਉਣੀ ਏਥੇ ਹਰ ਯੁਗ 'ਚ ਉਦਾਸੀ
ਇਹ ਅਨੇਕਤਾ 'ਚ ਏਕਤਾ ਦੇ ਸੱਚ ਤੋਂ ਨੇ ਦੂਰ
ਤੇਰੀ ਚੜ੍ਹਦੀ ਕਲਾ ਨੂੰ ਚਾਹੁੰਦੇ ਡੇਗਣਾ ਜ਼ਰੂਰ

ਜਿਹੜੇ ਆਪਣਾ ਨੰਗੇਜ ਅਜੇ ਸਕੇ ਨਹੀਓਂ ਢੱਕ
ਉਨ੍ਹਾਂ ਦੇਣੀ ਕੀ ਪਨਾਹ ? ਐਵੇਂ ਮਾਰ ਨਾ ਤੂੰ ਝੱਖ
ਇਨ੍ਹਾਂ ਸਭਿਅਤਾ ਦੇ ਰਾਖਿਆਂ ਤੋਂ ਆਸਾਂ ਨਾ ਤੂੰ ਰੱਖ।

# ਸਰਸਾ ਨਦੀ

ਇਹ ਸ਼ਾਇਦ
ਇਤਿਹਾਸਕ ਨਦੀ ਨਹੀਂ ਸੀ
ਪਰਮ-ਪੁਰਖ ਦੀ ਛੁਹ ਨਾਲ
ਇਤਿਹਾਸਕ ਬਣ ਗਈ ਹੈ।
ਇਤਿਹਾਸ ਬਣਨ ਤੋਂ ਪਹਿਲਾਂ ਸ਼ਾਇਦ
ਇਹ ਦੁਨੀਆ ਦੇ ਕਿਸੇ ਭੂਗੋਲਿਕ ਖਿੱਤੇ 'ਚ
ਨਹੀਂ ਸੀ ਵਗਦੀ
ਇਹ ਉਨ੍ਹਾਂ ਦੇ
ਜ਼ਿਹਨ 'ਚ ਵਗਦੀ ਸੀ
ਜਿਨ੍ਹਾਂ ਦੀ ਸੋਚ/ਅੱਜ ਵੀ ਉਸ ਬਿੰਦੂ 'ਤੇ ਟਿਕੀ ਹੈ
ਜਿੱਥੇ ਕੌਰਵਾਂ ਨੇ /ਦਰੋਪਤੀ ਦੀ ਬੇਅਦਬੀ ਕੀਤੀ ਸੀ
ਇਹ ਲੋਕ ਅਜੇ ਵੀ/ ਉਸ ਲਕਸ਼ਮਣ-ਰੇਖਾ ਤੋਂ
ਉਰੇ-ਪਰੇ ਨਹੀਂ ਜਾਂਦੇ
ਜਿਹੜੀ ਉਨ੍ਹਾਂ ਦੇ ਦਿਮਾਗ਼ 'ਚ
ਅਕਾਲ-ਤਖ਼ਤ ਜਾਂ
ਬਾਬਰੀ-ਮਸਜਿਦ
ਢਾਹੁੰਣ ਵਾਲਿਆਂ ਨੇ ਵਾਹੀ ਹੈ
ਇਹ ਤਾਂ ਉਹ ਸੁਨਾਮੀ ਹੈ
ਜੋ ਇਕ ਤਹਿਜ਼ੀਬ ਦੀ ਤਬਾਹੀ ਹੈ।

ਸਰਸਾ ਨਦੀ ਵਿੱਚ
ਸ਼ਾਇਦ ਪਾਣੀ ਨਹੀਂ
ਇਕ ਜਨੂੰਨ ਵਗਦਾ ਸੀ
ਇਕ ਖਰੂਦ ਉਛਾਲੀਆਂ ਮਾਰਦਾ ਸੀ

ਜਿਹੜਾ ਸਿਰਫ਼
ਸਰਬੰਸਦਾਨੀ/ ਹਿੰਦ ਦੇ ਪੀਰ ਦਾ
ਅਮੁੱਲਾ ਸਾਹਿਤ ਹੀ ਆਪਣੀ ਬੁੱਕਲ 'ਚ
ਨਹੀਂ ਸਮੇਟਦਾ
ਬਲਕਿ ਉਸ ਤਹਿਜ਼ੀਬ ਨੂੰ ਵੀ ਰੋੜ੍ਹ ਕੇ
ਲੈ ਜਾਣਾ ਚਾਹੁੰਦਾ ਸੀ
ਜਿਸ 'ਤੇ ਰਿਗਵੇਦਾਂ ਦੀ ਧਰਤੀ ਮਾਣ ਕਰਦੀ ਹੈ।
ਸ਼ਾਇਦ ਇਹ ਉਹੀ ਸਰਸਾ ਨਦੀ ਹੈ
ਜੋ ਚੁਰਾਸੀ 'ਚ
ਦਿੱਲੀ ਦੀਆਂ ਸੜਕਾਂ 'ਤੇ ਵਗੀ ਸੀ।
ਹੁਣ ਪਤਾ ਲੱਗੈ
ਕਿ ਸਰਸਾ 'ਚ ਪਾਣੀ ਨਹੀਂ
ਪਹਿਲਾਂ ਵੀ ਰੱਤ ਵਗਦੀ ਸੀ।
ਇਹ ਉਹੀ ਨਫ਼ਰਤ ਸੀ
ਜੋ ਪਹਾੜੀ ਰਾਜਿਆਂ ਦੇ ਦਿਲ 'ਚ ਉਛਲਦੀ ਸੀ।

ਨੀ ਨਦੀਏ/ ਤੂੰ ਇੰਜ ਨਾ ਵਗਿਆ ਕਰ
ਨੀ ਨਦੀਏ/ ਤੂੰ ਇੰਜ ਨਾ ਠਗਿਆ ਕਰ
ਨੀ ਨਦੀਏ / ਤੂੰ ਐਦਾਂ ਨੱਚਿਆ ਕਰ
ਜਿੱਦਾਂ ਮੀਰਾ ਨੱਚਦੀ ਸੀ
ਜਿੱਦਾਂ ਬੁੱਲਾ ਨੱਚਦਾ ਸੀ।

ਸਰਸਾ ਨਦੀ ਤਾਂ ਸਿਰਫ਼
ਉਨ੍ਹਾਂ ਦੇ ਜ਼ਿਹਨ 'ਚ ਵਗਦੀ ਹੈ
ਉਨ੍ਹਾਂ ਦੀ ਰੱਤ 'ਚ ਵਹਿੰਦੀ ਹੈ
ਜਿੱਥੇ ਤ੍ਰਿਸ਼ੂਲ ਦੀ ਭਗਵੀਂ ਨੋਕ ਰਹਿੰਦੀ ਹੈ।

# ਵਿਦਾ ਹੋਣ ਤੋਂ ਪਹਿਲਾਂ

ਇਸ ਤੋਂ ਪਹਿਲਾਂ ਕਿ ਮੈਂ ਵਿਦਾ ਹੋਵਾਂ
ਮੈਂ ਇਕ ਅਰਜ਼ ਕਰਨੀ ਹੈ :
ਇਨ੍ਹਾਂ ਰਹਿਨੁਮਾਵਾਂ ਤੋਂ ਬਚ ਕੇ ਹੀ ਰਹਿਣਾ
ਸ਼ੈਤਾਨੀ-ਬਲਾਵਾਂ ਤੋਂ ਬਚ ਕੇ ਹੀ ਰਹਿਣਾ
ਹਾਂ, ਅੱਜ ਦੇ ਖ਼ੁਦਾਵਾਂ ਤੋਂ ਬਚ ਕੇ ਹੀ ਰਹਿਣਾ
ਇਹ ਬਿਲਕੁਲ ਨਹੀਂ ਚਾਹੁੰਦੇ,
ਤੁਸੀਂ ਕੁਝ ਵੀ ਸੋਚਣ ਦੇ ਕਾਬਲ ਹੋ ਜਾਓ।
ਤੂਫ਼ਾਨਾਂ ਨੂੰ ਰੋਕਣ ਦੇ ਕਾਬਲ ਹੋ ਜਾਓ।

ਇਸ ਤੋਂ ਪਹਿਲਾਂ ਕਿ ਮੈਂ ਵਿਦਾ ਹੋਵਾਂ
ਮੈਂ ਇਕ ਅਰਜ਼ ਕਰਨੀ ਹੈ :
ਕਿ ਧਰਮਾਂ ਦਿਆਂ ਠੇਕੇਦਾਰਾਂ ਤੋਂ ਬਚ ਕੇ
ਖ਼ੁਦਾ ਦੇ ਦਲਾਲਾਂ, ਨਚਾਰਾਂ ਤੋਂ ਬਚ ਕੇ
ਇਨ੍ਹਾਂ ਤੇਜ਼ ਛੁਰੀਆਂ, ਕਟਾਰਾਂ ਤੋਂ ਬਚ ਕੇ
ਇਹ ਬਿਲਕੁਲ ਨਹੀਂ ਚਾਹੁੰਦੇ,
ਤੁਸੀਂ ਅੰਬਰਾਂ ਤਕ ਉਡਾਰੀ ਲਗਾਓ,
ਤੁਸੀਂ ਸਾਗਰਾਂ ਵਿਚ ਵੀ ਤਾਰੀ ਲਗਾਓ।

ਇਸ ਤੋਂ ਪਹਿਲਾਂ ਕਿ ਮੈਂ ਵਿਦਾ ਹੋਵਾਂ
ਮੈਂ ਇਕ ਅਰਜ਼ ਕਰਨੀ ਹੈ :
ਇਨ੍ਹਾਂ ਲੇਖਕਾਂ, ਰਚਨਹਾਰਾਂ ਨੂੰ ਸਮਝੋ
ਨਵੀਂ ਖੋਜ ਦੇ ਚਮਤਕਾਰਾਂ ਨੂੰ ਸਮਝੋ
ਤੇ ਕੁਦਰਤ ਦੇ ਭੇਤਾਂ, ਪਸਾਰਾਂ ਨੂੰ ਸਮਝੋ



ਇਨ੍ਹਾਂ ਨਾਲ ਸਭਨਾਂ ਨੂੰ
ਸੁਨਹਿਰੇ ਭਵਿੱਖ ਦੀ ਦਿਸ਼ਾ ਮਿਲ ਸਕੇਗੀ
ਕਿ ਮੱਥੇ 'ਚ ਹੋਰ ਇਕ ਕਲੀ ਖਿਲ ਸਕੇਗੀ।

ਇਸ ਤੋਂ ਪਹਿਲਾਂ ਕਿ ਮੈਂ ਵਿਦਾ ਹੋਵਾਂ
ਮੈਂ ਇਕ ਅਰਜ਼ ਕਰਨੀ ਹੈ :
ਤੁਸੀਂ ਰੁੱਖਾਂ, ਫੁੱਲਾਂ, ਹਵਾ ਵਾਂਗ ਜੀਓ
ਤੁਸੀਂ ਹੰਝੂਆਂ ਦੀ ਵਫ਼ਾ ਵਾਂਗ ਜੀਓ
ਤੁਸੀਂ ਚੰਦ, ਸੂਰਜ, ਘਟਾ ਵਾਂਗ ਜੀਓ
ਇਨ੍ਹਾਂ ਨਾਲ ਸਭਨਾਂ ਨੂੰ,
ਮੁਹੱਬਤ ਦੀ ਡੂੰਘੀ ਖ਼ੁਮਾਰੀ ਮਿਲੇਗੀ
ਇਹ ਕਾਇਨਾਤ ਸਾਰੀ ਦੀ ਸਾਰੀ ਮਿਲੇਗੀ।

ਇਸ ਤੋਂ ਪਹਿਲਾਂ ਕਿ ਮੈਂ ਵਿਦਾ ਹੋਵਾਂ
ਮੈਂ ਇਕ ਅਰਜ਼ ਕਰਨੀ ਹੈ :
ਤੁਸੀਂ ਮਹਿਕ ਬਣ ਕੇ ਹਵਾਵਾਂ 'ਚ ਫੈਲੋ
ਤੁਸੀਂ ਲੋਅ ਦੇ ਵਾਂਗੂੰ ਫਿਜ਼ਾਵਾਂ 'ਚ ਫੈਲੋ
ਤੁਸੀਂ ਪਿਆਰ ਬਣ ਕੇ ਖ਼ਿਲਾਵਾਂ 'ਚ ਫੈਲੋ
ਇਵੇਂ ਜੇ ਹੋਇਆ ਤਾਂ
ਮਨੁੱਖਤਾ ਦੀ ਥਾਂ-ਥਾਂ 'ਤੇ ਜੈਕਾਰ ਹੋਊ
ਤਾਂ ਧੜਿਆਂ ਦੀ ਥਾਂ ਇਕੋ ਪਰਿਵਾਰ ਹੋਊ।

# ਅਲਵਿਦਾ ਨਹੀਂ

ਤੂੰ ਕਿੱਥੇ ਜਾ ਕੇ ਡੇਰੇ ਲਾ ਲਏ ਹੁਸਨਾਂ ਦੀਏ ਪਰੀਏ।
ਤੇਰੇ ਬਾਝੋਂ ਬਨੇਰੇ 'ਤੇ ਕਿਵੇਂ ਦੀਵੇ ਅਸੀ ਧਰੀਏ।
ਕਿਤੇ ਬਦਨਾਮ ਨਾ ਹੋਵੇ ਅਸਾਡੇ ਪਿਆਰ ਦਾ ਰਿਸ਼ਤਾ
ਅਸੀ ਡਰਦੇ ਕਿਸੇ ਦੇ ਨਾਲ ਤੇਰੀ ਗੱਲ ਵੀ ਨਾ ਕਰੀਏ।

ਅਸੰਖਾਂ ਚਿਹਰਿਆਂ ਨੂੰ ਵੇਖਿਆ ਮੈਂ ਫ਼ੇਸ ਬੁੱਕ ਉੱਤੇ
ਤੇਰੀ ਤਸਵੀਰ ਵਰਗੀ ਪਰ ਕਿਤੋਂ ਤਸਵੀਰ ਨਈਂ ਲਭਦੀ।
ਮੇਰੇ ਖ਼ਾਬਾਂ ਨੂੰ ਮੇਰੀ ਬਦਨਸੀਬੀ ਖਾ ਗਈ ਖ਼ਬਰੇ
ਤੇਰੇ ਤੋਂ ਬਾਅਦ ਮੈਨੂੰ ਜੀਣ ਦੀ ਤਦਬੀਰ ਨਈਂ ਲਭਦੀ।

ਸੁਨੇਹੇ ਬਹੁਤ ਆਉਂਦੇ ਨੇ ਮਗਰ ਤੇਰਾ ਸੁਨੇਹਾ ਹੀ
ਨਾ ਆਉਂਦੈ ਡਾਕ ਦੇ ਰਾਹੀਂ ਤੇ ਨਾ ਹੀ ਕਾਂ ਲਿਆਉਂਦੇ ਨੇ।
ਜੇ ਆਉਂਦੀ ਹੈ ਤਾਂ ਹੰਝੂਆਂ ਨਾਲ ਭਿੱਜੀ ਪੌਣ ਆਉਂਦੀ ਹੈ
ਜਾਂ ਜੁਗਨੂੰ ਦਰਦ ਦੇ ਦਿਲ ਵਿਚ ਕਈ ਚਿਣਗਾਂ ਮਘਾਉਂਦੇ ਨੇ।

ਮਹੀਨਾਂ ਚੇਤ ਦਾ ਆਇਆ ਪਿਆ ਹੈ ਬੂਰ ਅੰਬਾਂ ਨੂੰ
ਤੇ ਪਲਕਾਂ ਮੇਰੀਆਂ 'ਤੇ ਮਹਿਕਿਆ ਹੈ ਬੂਰ ਹੰਝੂਆਂ ਦਾ।
ਦੁਮੇਲਾਂ ਤੀਕ ਮੈਨੂੰ ਕੁਝ ਵੀ ਤਾਂ ਦਿਸਦਾ ਨਹੀਂ ਸਜਣਾ
ਦੁਮੇਲਾਂ ਤੀਕ ਐਦਾਂ ਫੈਲਿਆ ਹੈ ਨੂਰ ਹੰਝੂਆਂ ਦਾ।

ਅਚਾਨਕ ਦਰਦ ਦੇ ਝੱਖੜਾਂ ਨੇ ਮੈਨੂੰ ਇਸ ਤਰ੍ਹਾਂ ਝੰਬਿਆ
ਜਿਵੇਂ ਰੁੱਖ ਨੰਗੇ ਹੋ ਜਾਂਦੇ ਪਲਾਂ ਵਿਚ ਪਤਝੜਾਂ ਅੰਦਰ।
ਮੈਂ ਸ਼ਾਖ਼ ਐਸੀ ਜਿਹਨੂੰ ਕੋਈ ਕਰੂੰਬਲ ਵੀ ਨਹੀਂ ਫੁਟਦੀ
ਅਭਾਗੀ ਫ਼ਸਲ ਮੈਂ ਜੋ ਰੁੜ੍ਹ ਗਈ ਗ਼ਮ ਦੇ ਹੜ੍ਹਾਂ ਅੰਦਰ।

ਤੂੰ ਵਾਅਦਾ ਮਿਲਣ ਦਾ ਕੀਤਾ ਮਗਰ ਵਾਅਦੇ ਤੋਂ ਪਹਿਲਾਂ ਹੀ
ਉਡਾਰੀ ਇਸ ਤਰ੍ਹਾਂ ਮਾਰੀ ਕਿ ਫਿਰ ਮੁੜ ਕੇ ਵੀ ਨਾ ਤਕਿਆ।
ਮੇਰੀ ਸ਼ਾਹ-ਰਗ ਨੂੰ ਵਿੰਨਿਆਂ ਚੁੱਪ ਦੀਆਂ ਸੂਲਾਂ ਨੇ ਕੁਝ ਐਦਾਂ
ਮੇਰੀ ਆਵਾਜ਼ ਗੂੰਗੀ ਹੋ ਗਈ ਮੈਂ ਰੋ ਵੀ ਨਾ ਸਕਿਆ।

ਮੇਰੀ ਮਾਸੂਮੀਅਤ ਨੂੰ ਗ਼ਮ ਦਿਆਂ ਖ਼ਾਰਾਂ ਨੇ ਪੱਛ ਦਿੱਤਾ
ਮੇਰੇ ਫੁੱਲਾਂ ਜਿਹੇ ਚਾਵਾਂ 'ਤੇ ਮੀਂਹ ਤੇਜ਼ਾਬ ਦਾ ਵਰਿਆ।
ਵਿਛੋੜੇ ਦੇ ਸੁਲਗਦੇ ਵਾਵਰੋਲੇ ਇਸ ਤਰ੍ਹਾਂ ਉੱਠੇ
ਜਿਨ੍ਹਾਂ ਦੇ ਵੇਗ ਵਿਚ ਕੱਖਾਂ ਦੇ ਵਾਂਗੂੰ ਮੈਂ ਬੜਾ ਰੁਲਿਆ।

ਦੁਮੇਲਾਂ ਤੀਕ ਪੀੜਾਂ ਲਿਸ਼ਕਦੀਆਂ ਨੇ ਬਿਜਲੀਆਂ ਵਾਂਗੂੰ
ਦੁਮੇਲਾਂ ਤੀਕ ਆਸਾਂ ਮੇਰੀਆਂ ਦਾ ਖ਼ੂਨ ਵਗਿਆ ਹੈ।
ਦੁਮੇਲਾਂ ਤੀਕ ਝੱਖੜ ਇਸ ਤਰ੍ਹਾਂ ਝੁੱਲੇ ਨੇ ਆਹਾਂ ਦੇ
ਕਿਤੇ ਜੁਗਨੂੰ ,ਸਿਤਾਰਾ ਨਾ ਕੋਈ ਦੀਵਾ ਹੀ ਜਗਿਆ ਹੈ।

ਕੋਈ ਵੇਲਾ ਸੀ ਤਲੀਆਂ ਮੇਰੀਆਂ 'ਤੇ ਚੰਦ ਤੇ ਤਾਰੇ
ਹਮੇਸ਼ਾ ਪੈਲਾਂ ਪਾਉਂਦੇ ਸਨ , ਹਮੇਸ਼ਾ ਗੀਤ ਗਾਉਂਦੇ ਸਨ।
ਕੋਈ ਵੇਲਾ ਸੀ ਜਦ ਤੂੰ ਹੱਸਣਾ ਤਾਂ ਅਪਣੇ ਰਾਹਾਂ ਵਿਚ
ਅਸੰਖਾਂ ਫੁੱਲ ਖਿੜਦੇ ਸਨ ਤੇ ਪੰਛੀ ਚਹਿਚਹਾਉਂਦੇ ਸਨ।

ਕੋਈ ਵੇਲਾ ਸੀ ਕਾਇਨਾਤ ਅਪਣੀ ਮੁੱਠ 'ਚ ਹੁੰਦੀ ਸੀ
ਕੋਈ ਵੇਲਾ ਸੀ ਸਾਗਰ ਨੂੰ ਵੀ ਆਪਾਂ ਡੀਕ ਜਾਂਦੇ ਸਾਂ।
ਕੋਈ ਵੇਲਾ ਸੀ ਸੂਰਜ ਸਾਨੂੰ ਪੁੱਛ ਕੇ ਹੀ ਤਾਂ ਚੜ੍ਹਦਾ ਸੀ
ਕੋਈ ਵੇਲਾ ਸੀ ਉਡਦੇ ਸਾਂ ਤਾਂ ਅੰਬਰ ਤੀਕ ਜਾਂਦੇ ਸਾਂ।

ਤੇਰੇ ਤੋਂ ਬਾਅਦ ਮੇਰੇ ਯਾਰ ਤੇਰਾ ਨਾਮ ਪੁੱਛਦੇ ਨੇ
ਮੈਂ ਕਹਿੰਦਾ ਹਾਂ ਕਿ ਰਬ ਦੇ ਤਾਂ ਅਸੰਖਾਂ ਨਾਮ ਹੁੰਦੇ ਨੇ।
ਕਿਸੇ ਦੀ ਜ਼ਿੰਦਗੀ ਵਿਚ ਜੋ ਦਖ਼ਲ ਦਿੰਦੇ ਨੇ ਉਹ ਸ਼ਾਇਦ
ਅਭਾਗੇ ਲੋਕ ਹੁੰਦੇ ਨੇ ਜੋ ਖ਼ੁਦ ਨਾਕਾਮ ਹੁੰਦੇ ਨੇ।

ਉਡੀਕਾਂ ਤੇਰੀਆਂ ਵਿਚ ਮੇਰੀਆਂ ਅੱਖਾਂ ਦੇ ਦਰ ਸੰਦਲੀ
ਕਿਸੇ ਉਜੜੀ ਹਵੇਲੀ ਦੇ ਦਰਾਂ ਵਾਂਗੂੰ ਹੀ ਲਗਦੇ ਨੇ।
ਜਾਂ ਪਿੰਡ ਤੋ ਦੂਰ ਰੱਕੜ ਵਿਚ ਕਿਸੇ ਢੱਠੀ ਸਮਾਧ ਉੱਤੇ
ਕਿਸੇ ਦੀ ਸੁੱਖਣਾ ਅੰਦਰ ਧੁਆਂਖੇ ਦੀਵੇ ਜਗਦੇ ਨੇ।

ਤੇਰੇ ਅਣਡਿੱਠੇ ਰਾਹਾਂ ਦਾ ਸਫ਼ਰ ਕਿੰਨਾ ਕੁ ਬਾਕੀ ਹੈ
ਇਹ ਓਹੀ ਜਾਣਦੈ ਜਿਸ ਨੇ ਇਹੋ ਸੰਸਾਰ ਰਚਿਆ ਹੈ।
ਮੈਂ ਕੀ ਜਾਣਾ ਮੇਰੀ ਹਸਤੀ ਹੀ ਕੀ ਹੈ ਏਸ ਜਗ ਅੰਦਰ
ਅਸੀ ਐਵੇਂ ਲਹੂ ਤੇ ਮਾਸ ਦਾ ਘਰ-ਬਾਰ ਰਚਿਆ ਹੈ।

ਅਸੀ ਕਠਪੁਤਲੀਆਂ ਹਾਂ, ਉਸ ਦੇ ਹੱਥ ਵਿਚ ਡੋਰ ਹੈ ਸਭ ਦੀ
ਉਵੇਂ ਦਿਨ-ਰਾਤ ਨੱਚਦੇ ਹਾਂ ਜਿਵੇਂ ਓਹੋ ਨਚਾਉਂਦਾ ਹੈ।
ਫ਼ਰਿਸ਼ਤਾ ਮੌਤ ਦਾ ਜਦ ਆ ਗਿਆ ਤਾਂ ਆ ਗਈ ਸਮਝੋ
ਉਦੋਂ ਫਿਰ ਕੌਣ ਬਚਦਾ ਹੈ ਉਦੋਂ ਕਿਹੜਾ ਬਚਾਉਂਦਾ ਹੈ ?

ਇਬਾਰਤ ਮੇਰੇ ਦੁੱਖਾਂ ਦੀ ਮੇਰੇ ਮੱਥੇ 'ਤੇ ਉੱਕਰੀ ਹੈ
ਤੇਰੇ ਮੱਥੇ 'ਤੇ ਉੱਕਰੀ ਸੀ ਇਬਾਰਤ ਮੇਰੇ ਖ਼ਾਬਾਂ ਦੀ।
ਤੇਰੇ ਨੈਣਾਂ 'ਚੋਂ ਤੇਰੀ ਪੀੜ ਵਗਦੀ ਸੀ ਝਨਾਂ ਵਾਂਗੂੰ
ਤੇਰੇ ਤੋਂ ਬਾਅਦ ਮੈਨੂੰ ਡੰਗਦੀ ਖ਼ੁਸ਼ਬੂ ਗੁਲਾਬਾਂ ਦੀ।

ਤੇਰਾ ਮੇਰਾ ਕੀ ਰਿਸ਼ਤਾ ਹੈ ? ਇਹ ਵਾਕਿਫ਼ਕਾਰ ਪੁੱਛਦੇ ਨੇ
ਮੈਂ ਕੀ ਦੱਸਾਂ ਕਿ ਕਈਆਂ ਰਿਸ਼ਤਿਆਂ ਦੇ ਨਾਂਅ ਨਹੀਂ ਹੁੰਦੇ।
ਇਹ ਰਿਸ਼ਤਾ ਤਾਂ ਅਗੰਮੀ ਸੀ ਇਹ ਧੁਰ ਦਾ ਲੇਖ ਲਿਖਿਆ ਸੀ
ਅਤੇ ਲੇਖਾਂ, ਮੁਹੱਬਤਾਂ, ਸੁਪਨਿਆਂ ਦੇ ਨਾਂਅ ਨਹੀਂ ਹੁੰਦੇ।

ਮੇਰੇ ਤੋਂ ਵੱਡਾ ਬਦਕਿਸਮਤ ਕਿਹੜਾ ਹੋਊ ਜਹਾਨ ਅੰਦਰ
ਜਿਹੜਾ ਤੇਰੇ ਨੜੋਏ 'ਤੇ ਵੀ ਦੋ ਪਲ ਬਹਿ ਨਹੀਂ ਸਕਿਆ।
ਇਹ ਅੱਖਾਂ ਮੇਰੀਆਂ ਮਾਰੂਥਲਾਂ ਦੇ ਵਾਂਗ ਹੋ ਗਈਆਂ
ਮੈਂ ਪੱਥਰ ਹੋ ਗਿਆ ਤੇ ਅਲਵਿਦਾ ਵੀ ਕਹਿ ਨਹੀਂ ਸਕਿਆ।

ਮੁਹੱਬਤ ਨੇ ਮੈਨੂੰ ਤਾਕਤ ਤਾਂ ਬਖ਼ਸ਼ੀ ਸੀ ਬਹੁਤ ਫਿਰ ਵੀ
ਇਹ ਦੁਨੀਆਂਦਾਰੀਆਂ ਦੀ ਲੀਕ ਮੈਥੋਂ ਪਾਰ ਨਾ ਹੋਈ।
ਮੈਂ ਅਪਣੇ ਸੁਪਨਿਆਂ ਨੂੰ ਮਾਰ ਦਿੱਤਾ ਆਪ ਗਲ ਘੁਟ ਕੇ
ਮਗਰ ਇਹ ਯਾਦ ਤੇਰੀ ਚਾਹੁੰਦਿਆਂ ਵੀ ਮਾਰ ਨਾ ਹੋਈ।

ਕੋਈ ਵੀ ਫ਼ਲਸਫ਼ਾ,ਚਤੁਰਾਈ ਮੇਰੇ ਕੰਮ ਨਹੀਂ ਆਈ
ਖਿਲਰ ਚੁੱਕਾ ਮੈਂ ਟੁੱਟੇ ਤਾਰਿਆਂ ਦੀ ਰਾਖ਼ ਦੇ ਵਾਂਗੂੰ।
ਕਰੂੰਬਲ ਆਸ ਦੀ ਫੁਟਣੀ ਨਹੀਂ ਜਿਸ 'ਤੇ ਕਦੀ ਵੀ ਹੁਣ
ਮੈਂ ਰੁੱਖ ਦੇ ਨਾਲ ਜੁੜਿਆ ਹਾਂ ਝੁਲਸੀਉ ਸ਼ਾਖ਼ ਦੇ ਵਾਂਗੂੰ।

ਦੁਪਹਿਰਾ ਉਮਰ ਦਾ ਕਟਿਆ ਸੀ ਯਾਦਾਂ ਦੇ ਸਹਾਰੇ ਮੈਂ
ਅਤੇ ਹੁਣ ਮਿਲਣ ਦੀ ਇਕ ਆਸ ਨੂੰ ਵੀ ਖੋਹ ਲਿਆ ਰੱਬ ਨੇ।
ਮੇਰੀ ਅਰਦਾਸ ਕੋਈ ਵੀ ਅਜੇ ਪੂਰੀ ਨਾ ਹੋਈ ਸੀ
ਪਤਾ ਨਹੀਂ ਕਿਹੜਾ ਰੋਸਾ ਸੀ ਕਿ ਬੂਹਾ ਢੋਹ ਲਿਆ ਰੱਬ ਨੇ।

ਮੈਂ ਅਕਸਰ  ਵੇਖਿਆ ਹੈ ਰੱਬ ਵੀ ਜ਼ਰਦਾਰ ਦਾ ਹੁੰਦੈ
ਅਤੇ ਮੁਫ਼ਲਿਸ ਦੇ ਕੋਲੋਂ ਉਹ ਵੀ ਅਪਣਾ ਮੂੰਹ ਲੁਕਾ ਲੈਂਦੈ।
ਇਸੇ ਕਰਕੇ ਹੀ ਰੋਹ ਵਿਚ ਆਣ ਕੇ ਹਰ ਇਕ ਦੁਖੀ ਬੰਦਾ
ਅਖੌਤੀ ਰੱਬ ਦੀਆਂ ਆਸਾਂ ਤੋਂ ਅਪਣਾ ਮੂੰਹ ਫਿਰਾ ਲੈਂਦੈ।

ਮੈਂ ਤੈਨੂੰ ਅਲਵਿਦਾ ਆਖਾਂ ਤਾਂ ਕਿੱਦਾਂ ਦੱਸ ਭਲਾ ਆਖਾਂ
ਮੇਰੇ ਸਾਹਾਂ ਅਤੇ ਰਗ-ਰਗ 'ਚ ਤੇਰਾ ਹੀ ਬਸੇਰਾ ਹੈ।
ਮੇਰੀ ਆਵਾਜ਼ ਵਿਚ ਆਵਾਜ਼ ਤੇਰੀ ਗੂੰਜਦੀ ਸਜਣਾ
ਮੇਰੀ ਇਹ ਰੂਹ ਵੀ ਤੇਰੀ ਹੈ ਇਹ ਸਾਰਾ ਜਿਸਮ ਤੇਰਾ ਹੈ।

ਮੈਂ ਜਿਸ ਦਿਨ ਅਲਵਿਦਾ ਤੈਨੂੰ ਕਿਹਾ ਤਾਂ ਸਮਝ ਲੈ ਉਸ ਦਿਨ
ਮੈਂ ਅਪਣੇ ਆਪ ਨੂੰ ਹੀ ਅਲਵਿਦਾ ਹੈ ਆਖਿਆ ਸਜਣਾ।
ਤੇਰਾ ਅਰਸ਼ਾਂ 'ਚ ਡੇਰਾ ਹੈ ਜਦੋਂ ਟੁੱਟਿਆ ਕੋਈ ਤਾਰਾ
ਤਾਂ ਸਮਝੀਂ ਧਰਤ ਤੋਂ ਅਮਰੀਕ ਤੇਰਾ ਤੁਰ ਗਿਆ ਸਜਣਾ।

# ਪਿਤਾ ਨੂੰ

ਉਸ ਪਿਤਾ ਨੂੰ ਸੌ-ਸੌ ਪ੍ਰਣਾਮ
ਜੋ ਅੰਮ੍ਰਿਤ ਵੇਲੇ ਉਠਦਾ/ਇਸ਼ਨਾਨ ਕਰਦਾ
ਜਪੁ ਜੀ ਸਾਹਿਬ ਦਾ ਪਾਠ ਕਰਦਾ
ਪਵਿੱਤਰ ਔਜ਼ਾਰਾਂ ਨੂੰ ਸਾਫ਼ ਕਰਦਾ
ਤੇ ਭਾਈ ਲਾਲੋ ਵਾਂਗ
ਨਿੱਤ ਦੀ ਕਾਰ ਵਿਚ ਮਸਰੂਫ਼ ਹੋ ਜਾਂਦਾ।

ਉਸ ਪਿਤਾ ਨੂੰ ਸੌ-ਸੌ ਪ੍ਰਣਾਮ
ਜਿਸ ਦੇ ਹੋਠਾਂ 'ਤੇ
ਕੁਰਾਨ ਮਜੀਦ ਦੀਆਂ ਆਇਤਾਂ ਹੁੰਦੀਆਂ
ਜਾਂ ਗੁਰਬਾਣੀ ਦੇ ਸ਼ਬਦ ਮਹਿਕਦੇ ਹੁੰਦੇ
ਉਹ ਜਦੋਂ ਗੱਲ ਕਰਦਾ
ਤਾਂ ਭਗਵਤ ਗੀਤਾ ਦਾ ਹਵਾਲਾ ਵੀ ਜ਼ਰੂਰ ਦਿੰਦਾ।

ਉਸ ਪਿਤਾ ਨੂੰ ਸੌ-ਸੌ ਸਿਜਦਾ
ਜੋ ਪੰਜਾ ਸਾਹਿਬ ਗਿਆ
ਤੇ ਪੰਜੇ ਵਕਾਰ ਤਿਆਗ ਆਇਆ
ਤੇ ਪੰਜ ਕਕਾਰਾਂ ਨੂੰ ਸਮਰਪਿਤ ਹੋ ਗਿਆ।

ਉਹ ਉਘੜ ਪਿਤਾ
ਸਿੱਖ ਇਤਿਹਾਸ ਦੀਆਂ ਪੈੜਾਂ ਨੱਪਦਾ
ਬਹੁਤ ਦੂਰ ਚਲਾ ਜਾਂਦਾ
ਤੇ ਜਾਪਦਾ /ਦਸਮ ਗੁਰੂ ਦਾ ਸਿੰਘ
ਆਪਣੇ ਹੱਕਾਂ ਦੀ ਪ੍ਰਾਪਤੀ ਲਈ
ਅਜੇ ਵੀ ਜੂਝ ਰਿਹਾ ਹੈ।

ਉਹ ਗੁਰੂ ਦਾ ਸਿੰਘ
ਰੋਜ਼ਗਾਰ ਦੀ ਭਾਲ ਵਿਚ
ਜਦ ਸਮੁੰਦਰੋਂ ਪਾਰ ਗਿਆ
ਤਾਂ ਬਾਬਾ ਫ਼ਰੀਦ ਦੇ ਸ਼ਲੋਕ
ਉਸ ਦੇ ਨਾਲ -ਨਾਲ ਗਏ
ਜਿਵੇਂ ਮਾਂ ਦੀਆਂ ਅਸੀਸਾਂ
ਹਮੇਸ਼ਾ ਬੱਚੇ ਦੇ ਸਿਰ 'ਤੇ ਛਾਂ ਕਰਦੀਆਂ ਹਨ।

ਉਹ ਕਾਠ ਦੀ ਰੋਟੀ ਨੂੰ
ਕਣਕ ਦੀ ਰੋਟੀ 'ਚ ਤਬਦੀਲ ਕਰਦਾ
ਆਪਣੀਆਂ ਆਂਦਰਾਂ ਨੂੰ ਪਿੰਜਦਾ ਰਿਹਾ
ਤੇ ਤੂੰਬਾ-ਤੂੰਬਾ ਹੋ ਕੇ
ਸਾਡੀਆਂ ਸਿਮਰਤੀਆਂ ਵਿਚ ਪ੍ਰਵੇਸ਼ ਕਰ ਗਿਆ।

ਉਸ ਕਰਮਯੋਗੀ ਨੂੰ
ਗੁਰਬਤ ਦੇ ਝੱਖੜਾਂ ਤੇ ਹਵਾਵਾਂ ਨੇ ਨਿਗਲ ਲਿਆ
ਸਮੁੰਦਰ ਦੀਆਂ ਮਾਰੂਛੱਲਾਂ
ਤੇ ਜ਼ੁਲਮ ਦੀਆਂ ਘਟਾਵਾਂ ਨੇ ਨਿਗਲ ਲਿਆ
ਥਲਾਂ ਦੀ ਰੇਤ ਅਤੇ
ਅਜਨਬੀ ਫ਼ਿਜ਼ਾਵਾਂ ਨੇ ਨਿਗਲ ਲਿਆ
ਸ਼ਾਇਦ ਮਨ ਵਿਚ ਪਸਰੀਆਂ ਗੁੰਝਲਾਂ
ਜਾਂ ਕਹਿਰੀ ਬਲਾਵਾਂ ਨੇ  ਨਿਗਲ ਲਿਆ।
ਉਹ ਜਿਊਣ ਜੋਗਾ
ਅਜੇ ਵੀ ਘਰ ਨਹੀਂ ਪਰਤਿਆ।

ਹੁਣ ਰੋਜ਼ ਮੇਰੀ ਹਿੱਕ ’ਤੇ
ਸਮੁੰਦਰ ਦਹਾੜਦਾ ਹੈ
ਸੁਨਾਮੀ ਛੱਲਾਂ
ਮੇਰੇ ਲਹੂ ਨੂੰ ਰਿੜਕਦੀਆਂ ਹਨ
ਕੋਈ ਪਰਲੋ
ਮੇਰੇ ਅੰਦਰ ਉਸਲਵੱਟੇ ਲੈਂਦੀ ਹੈ
ਪਰ ਮੇਰੀ ਰੂਹ
ਮੈਨੂੰ ਤਸੱਲੀ ਦਿੰਦੀ ਹੋਈ ਕਹਿੰਦੀ ਹੈ–
ਉਹ ਕਰਮਯੋਗੀ ਅਜੇ ਵੀ
ਆਪਣੀ ਮੰਜ਼ਿਲ ਲਈ ਜੂਝਦਾ ਹੈ
ਉਸ ਦਾ ਸੰਘਰਸ਼
ਉਦੋਂ ਤਕ ਜਾਰੀ ਰਹੇ ਗਾ
ਜਦੋਂ ਤਕ/ਉਹ ਉਨ੍ਹਾਂ
ਕਾਲੇ ਦੈਂਤਾਂ ’ਤੇ ਫ਼ਤਿਹ ਪ੍ਰਾਪਤ ਨਹੀਂ ਕਰ ਲੈਂਦਾ
ਜਿਨ੍ਹਾਂ ਨੇ ਸਫ਼ੈਦ ਕਪੜੇ ਪਹਿਨੇ ਹਨ।
ਉਂਝ ਵੀ ਪੈਗੰਬਰਾਂ ਦੀ ਰੂਹ
ਕਦੀ ਮਰਦੀ ਨਹੀਂ ਹੁੰਦੀ
ਉਹ ਸੰਘਰਸ਼ ਕਰਦੀ ਰਹਿੰਦੀ ਹੈ।

# ਜਦੋਂ ਸੂਰਜ ਡੁੱਬਣ ਲੱਗਦਾ ਹੈ

ਜਦੋਂ ਸੂਰਜ ਡੁੱਬਣ ਲੱਗਦਾ ਹੈ
ਉਦਾਸੀਆਂ ਦੇ ਹਜ਼ਾਰਾਂ ਨਗ਼ਮੇ ਖਿਲਾਰਦਾ ਹੈ
ਦੂਰ ਦਿਸਹੱਦਿਆਂ 'ਤੇ
ਅੱਗ ਜਿਹੀ ਬਲਦੀ ਹੈ
ਪੌਣਾਂ 'ਚ ਅਜੀਬ ਰੁਦਨ ਹੁੰਦਾ ਹੈ
ਇਕੱਲਾ ਬਿਰਖ
ਇਵੇਂ ਵਿਰਲਾਪ ਕਰਦਾ ਹੈ
ਜਿਉਂ ਅੰਨ੍ਹੇ ਖੂਹ ਵਿੱਚ
ਕਬੂਤਰ ਗੁਟਰਗੂੰ-ਗੁਟਰਗੂੰ ਕਰਦਾ ਹੋਵੇ।

ਚੁੱਪ ਦੀ ਚਾਦਰ /ਕਾਇਨਾਤ 'ਚ ਵਿਛ ਜਾਂਦੀ ਹੈ
ਧਰਤੀ ਇਉਂ ਹਉਕਾ ਜਿਹਾ ਭਰਦੀ ਹੈ
ਜਿਉਂ ਅੰਨ੍ਹੀ ਬਿਰਧ ਮਾਂ ਨੂੰ
ਮੋਇਆ ਪੁੱਤ ਯਾਦ ਆਉਂਦਾ ਹੈ।
ਮਨ ਦੇ ਚਾਅ/ ਇਛਾਵਾਂ
ਕੌਡੀਆਂ ਵਾਂਗ ਖਿਲਰ ਜਾਂਦੇ ਨੇ
ਤੇ ਬੰਦਾ ਉਨ੍ਹਾਂ ਨੂੰ ਇਕੱਠੇ ਕਰਦਾ-ਕਰਦਾ
ਖ਼ੁਦ ਹੀ ਖਿਲਰ ਜਾਂਦਾ ਹੈ।



ਜਦੋਂ ਸੂਰਜ ਡੁੱਬਣ ਲੱਗਦਾ ਹੈ
ਪੰਛੀ ਆਲ੍ਹਣਿਆਂ ਨੂੰ ਪਰਤ ਆਉਂਦੇ ਨੇ
ਬੋਟਾਂ ਦੀਆਂ ਚੁੰਝਾਂ 'ਚ ਚੁੰਝਾਂ ਪਾ ਕੇ
ਲਾਡ ਕਰਦੇ ਨੇ

ਖੰਭਾਂ 'ਚ ਸਮੇਟ ਲੈਂਦੇ ਨੇ ਬੋਟਾਂ ਨੂੰ
ਜਿਵੇਂ ਤੂਫ਼ਾਨ ਤੋਂ ਡਰ ਕੇ
ਰੁੱਖ, ਰੁੱਖਾਂ ਨੂੰ ਕਲਾਵੇ 'ਚ ਲੈ ਲੈਂਦੇ ਨੇ।

ਜਦੋਂ ਸੂਰਜ ਡੁੱਬਣ ਲੱਗਦਾ ਹੈ
ਤਾਂ ਬੜਾ ਕੁਝ ਡੁੱਬ ਜਾਂਦਾ ਹੈ
ਮਨ ਦੇ ਖੂਹ ਅੰਦਰ।
ਸਮੁੱਚੀ ਕਾਇਨਾਤ ਇਕ ਗੁਫ਼ਾ ਬਣ ਜਾਂਦੀ ਹੈ
ਤੇ ਸੁਪਨਿਆਂ ਦੀਆਂ ਅਸੰਖਾਂ ਰੂਹਾਂ
ਭਟਕਦੀਆਂ ਹਨ ਪਿਆਸੀਆਂ
ਪਰ ਨ੍ਹੇਰੇ ਦਾ ਸਹਿਰਾ
ਹੋਰ ਵੀ ਵਿਸ਼ਾਲ ਹੋ ਜਾਂਦਾ ਹੈ।

ਜਦੋਂ ਸੂਰਜ ਡੁੱਬਣ ਲੱਗਦਾ ਹੈ
ਘਰਾਂ 'ਚ ਦੀਵੇ ਜਗਣ ਲੱਗਦੇ ਨੇ
ਮਨਾਂ 'ਚ ਬੁੱਝਣ ਲੱਗਦੇ ਨੇ।
ਸਿਵਿਆਂ ਵਿਚਲੀ ਬੋਹੜ
ਚੇਤਿਆਂ ਵਿੱਚ ਫੈਲ ਜਾਂਦੀ ਹੈ
ਤੇ ਧਰਤੀ ਉੱਤੇ ਵਿੱਠਾਂ ਤੋਂ ਸਿਵਾ
ਕੁਝ ਵੀ ਨਜ਼ਰ ਨਹੀਂ ਆਉਂਦਾ।

ਜਦੋਂ ਸੂਰਜ ਡੁੱਬਣ ਲੱਗਦਾ ਹੈ
ਦਿਲ 'ਚ ਖੌਲਦੇ ਸਮੁੰਦਰ ਸ਼ਾਂਤ ਹੋ ਜਾਂਦੇ ਨੇ
ਚੱਟਾਨਾਂ ਨਾਲ ਖਹਿੰਦੀਆਂ ਲਹਿਰਾਂ
ਸ਼ਰਮਿੰਦਗੀ 'ਚ ਸਿਮਟ ਜਾਂਦੀਆਂ ਹਨ
ਜਿਵੇਂ ਕੁਆਰੀ ਮਾਂ
ਗਰਭ ਨੂੰ ਲੁਕਾਉਂਦੀ ਹੈ।

ਜਦੋਂ ਸੂਰਜ ਡੁੱਬਣ ਲੱਗਦਾ ਹੈ
ਤਾਂ ਮੱਥੇ ਦਾ ਦੀਵਾ
ਬੁਝੂ-ਬੁਝੂ ਕਰਦਾ
ਲਾਟ ਬਣਨਾ ਲੋਚਦਾ ਹੈ
ਪਰ ਯਾਦਾਂ ਦੀ ਧੁੰਦ ’ਚ
ਇੰਨਾ ਮੱਧਮ ਹੋ ਜਾਂਦਾ ਹੈ
ਕਿ ਉਸ ਦੀ ਲੋਅ
ਆਂਦਰਾਂ ’ਚੋਂ ਵੀ ਨਿਕਲ ਜਾਂਦੀ ਹੈ
ਪਰ ਅੱਖਾਂ ਖੁੱਲ੍ਹੀਆਂ ਰਹਿ ਜਾਂਦੀਆਂ ਨੇ
ਇਉਂ ਸਦੀਆਂ ਤੋਂ
ਵਾਪਰਦਾ ਆਇਆ ਹੈ।

ਜਦੋਂ ਸੂਰਜ ਡੁੱਬਣ ਲੱਗਦਾ ਹੈ
ਤਾਂ ਅਕਸਰ ਉਦਾਸੀ ਦੇ ਗੀਤ ਗਾਉਂਦਾ ਹੈ।

# ਮਿੱਟੀ ਦਾ ਪਿਆਰ

(ਬੇਨਜ਼ੀਰ ਭੁੱਟੋ ਦੀ ਯਾਦ 'ਚ)

ਜਲਾਵਤਨੀ ਦਾ ਸੰਤਾਪ ਭੋਗਦੀ
ਉਹ ਸਹਿਕ ਗਈ ਸੀ
ਆਪਣੇ ਵਤਨ ਪਰਤ ਆਉਣ ਲਈ
ਆਪਣੇ ਵਤਨ ਦੀ ਮਿੱਟੀ
ਆਪਣੇ ਮਸਤਕ 'ਤੇ ਲਾਉਣ ਲਈ।

ਜਦ ਉਹ ਆਪਣੇ ਵਤਨ ਆਈ
ਤਾਂ ਉਸ ਦੀ ਮਿੱਟੀ ਨੇ
ਉਸ ਨੂੰ ਐਨਾ ਪਿਆਰ ਦਿੱਤਾ
ਕਿ ਸਦਾ ਲਈ ਆਪਣੀ
ਗੋਦ ਵਿੱਚ ਸੁਲਾ ਲਿਆ
ਇਕ ਫੁੱਲ ਨੂੰ ਉਹਦੀ ਮਹਿਕ ਨੇ ਹੀ ਖਾ ਲਿਆ।

ਉਹ ਸਹਿਕ ਗਈ ਸੀ
ਆਪਣੇ ਵਤਨ ਪਰਤ ਆਉਣ ਲਈ
ਉਹ ਆਪਣੇ ਵਤਨ ਵਿੱਚ
ਲੋਕਤੰਤਰ ਬਹਾਲ ਕਰਨਾ ਚਾਹੁੰਦੀ ਸੀ
ਪਰ ਕੌਣ ਜਾਣਦਾ ਸੀ
ਉਸ ਦੀ ਇਹੀ ਤਮੰਨਾ
ਉਸ ਨੂੰ ਹਲਾਲ ਕਰਨਾ ਚਾਹੁੰਦੀ ਸੀ।

ਉਹ ਸਹਿਕ ਗਈ ਸੀ
ਆਪਣੇ ਵਤਨ ਪਰਤ ਆਉਣ ਲਈ
ਉਹ ਜਦ ਆਈ ਤਾਂ
ਉਸ ਦੇ ਸੁਆਗਤ ਵਿੱਚ
ਕਹਿਕਸ਼ਾਵਾਂ ਨੇ ਸਿਜਦੇ ਕੀਤੇ
ਹਵਾਵਾਂ ਨੇ ਸਿਜਦੇ ਕੀਤੇ
ਫ਼ਿਜ਼ਾਵਾਂ ਨੇ ਰੰਗ ਬਿਖੇਰੇ
ਘਟਾਵਾਂ ਨੇ ਸਿਜਦੇ ਕੀਤੇ
ਰੁੱਖ ਪਰਚਮ ਬਣ ਕੇ ਲਹਿਰਾਏ
ਪੱਥਰਾਂ ਨੇ ਗੀਤ ਗਾਏ
ਉਸ ਦੇ ਬੋਲ ਸੁਣ ਕੇ
ਸੱਤਾ ਦਾ ਸਿੰਘਾਸਣ ਡੋਲਣ ਲੱਗਾ
ਹਾਕਮ ਦੀ ਜੀਭ 'ਤੇ ਕਾਲ ਬੋਲਣ ਲੱਗਾ।

ਉਸ ਦੇ ਵਤਨ ਵਿੱਚ ਹੀ
ਉਸ ਦੇ ਹਮਸਾਇਆਂ ਨੇ
ਉਸੇ ਮਜ਼ਹਬ ਦੇ ਜਾਇਆਂ ਨੇ
ਉਸ ਦਾ ਐਨਾ ਭਰਵਾਂ ਸੁਆਗਤ ਕੀਤਾ
ਉਸ ਨੂੰ ਹੰਝੂਆਂ ਦੀ ਥਾਵੇਂ
ਉਸ ਦੇ ਹੀ ਲਹੂ ਵਿੱਚ ਨੁਹਾ ਦਿੱਤਾ
ਤੇ ਦਹਿਸ਼ਤ ਦਾ ਪਰਦਾ
ਵਕਤ ਦੀ ਲਾਸ਼ 'ਤੇ ਪਾ ਦਿੱਤਾ।
ਇੰਝ ਸਦੀ ਦਾ ਇਤਿਹਾਸ
ਦਾਗ਼ਦਾਰ ਕਰ ਦਿੱਤਾ
ਉਸ ਦੇ ਹਮਸਾਇਆਂ ਨੇ
ਅਸਮਾਨ ਦਾ ਸੀਨਾ
ਤਾਰ-ਤਾਰ ਕਰ ਦਿੱਤਾ

ਉਸ ਦੇ ਹਮਸਾਇਆਂ ਨੇ
ਜਿਸ ਸੋਚ ਦੇ ਮਹੱਲ ਨੂੰ
ਸਾਂਭ-ਸਾਂਭ ਰੱਖਿਆ ਸੀ
ਉਸ ਨੇ ਆਪਣੇ ਦਿਲ ਵਿੱਚ
ਉਸ ਮਹੱਲ ਨੂੰ ਹੀ
ਮਜ਼ਾਰ ਕਰ ਦਿੱਤਾ
ਉਸ ਦੇ ਹਮਸਾਇਆਂ ਨੇ।

ਉਹ ਤਰਸ ਗਈ ਸੀ
ਆਪਣੇ ਵਤਨ ਆਉਣ ਲਈ
ਜੇ ਆਪਣੇ ਵਤਨ 'ਚ
ਇਹੀ ਬਦਨਸੀਬੀ ਮਿਲਣੀ ਹੈ
ਹੰਢਾਉਣ ਲਈ
ਤਾਂ ਫਿਰ ਕੌਣ
ਪਰਤ ਕੇ ਵਤਨ ਆਏਗਾ ?
ਤਾਂ ਵਤਨ ਕਬਰ ਤੋਂ ਵੱਧ
ਹੋਰ ਕੀ ਕਹਿਲਾਏਗਾ ?
ਅਜਿਹੇ ਵਤਨ ਤੋਂ ਜਲਾਵਤਨੀ ਚੰਗੀ।

# ਛਨਾਲ

ਜ਼ਿੰਦਗੀ ਦੇ ਹੁਸੀਨ ਸੁਪਨਿਆਂ ਸਮੇਤ
ਛਨਾਲ ਸਭ ਕੁਝ ਨਿਗਲਦੀ ਜਾ ਰਹੀ ਹੈ।
ਛਨਾਲ ਧੁੱਪ 'ਚ ਨੰਗੀ ਨਚ ਰਹੀ ਹੈ
ਰੁੱਖ, ਛਾਵਾਂ ਸਮੇਤ ਦੌੜ ਰਹੇ ਹਨ
ਛਨਾਲ, ਦਹਿਸ਼ਤ ਬਣਕੇ ਕੰਧਾਂ 'ਤੇ ਰੀਂਘਦੀ ਹੈ
ਇਕ ਕਚਹਿਣ ਹੈ ਜੋ ਰੂਹ ਤੱਕ ਸਰਸਰਾਉਂਦੀ ਹੈ
ਸਹਿਮੇ ਮਕਾਨ ਥਾਵਾਂ ਬਦਲ ਰਹੇ ਹਨ
ਕੰਧਾਂ ਪਰਛਾਵਿਆਂ ਗਲ ਲਗ ਰੋਂਦੀਆਂ ਹਨ
ਅਜ ਵੀ ਕਿਤੇ ਅਣਹੋਣੀ ਵਾਪਰੀ ਹੈ।

ਹਵੇਲੀਆਂ 'ਚੋਂ ਮਾਸੂਮਾਂ ਦੇ ਕੰਕਾਲ ਮਿਲਦੇ ਹਨ
ਸੁਨਹਿਰੀ ਸਭਿਅਤਾ ਦੀ ਸ਼ਰਮਿੰਦਗੀ ਲਈ
ਨਵੇਂ ਦੌਰ ਦੀ ਤਹਿਜ਼ੀਬ ਦੇ ਨਕਸ਼ ਨੇ ਇਹੋ।
ਲਾਸ਼ਾਂ ਨਾਲ ਵੀ ਵਿਭਚਾਰ ਹੁੰਦਾ ਹੈ
ਅਜੀਬ-ਅਜੀਬ ਕਾਰੋਬਾਰ ਹੁੰਦਾ ਹੈ
ਹਰ ਸਾਜ਼ਿਸ਼ 'ਚ ਸੱਤਾਧਾਰੀ ਸ਼ਾਮਲ ਨੇ
ਪੁਲਿਸ ਮਾਮਲਿਆਂ 'ਤੇ ਪਰਦਾ ਪਾਉਂਦੀ ਹੈ
ਧਰਤੀ ਦਾ ਧੁਰਾ ਹਿਲਦਾ ਜਾਪਦਾ ਹੈ
ਹਰ ਲਾਸ਼ 'ਤੇ ਜ਼ੁਲਮ ਦੀ ਇਬਾਰਤ ਉੱਕਰੀ ਹੈ
ਇਹ ਇਬਾਰਤ ਜਦ ਅਖ਼ਬਾਰਾਂ 'ਚ ਛਪਦੀ ਹੈ
ਤਾਂ ਛਨਾਲ ਨਿੰਮਾ-ਨਿੰਮਾ ਮੁਸਕਰਾਉਂਦੀ ਹੈ
ਜੇ ਕੋਈ ਸੰਪਾਦਕ ਟਿੱਪਣੀ ਕਰਦਾ ਹੈ
ਤਾਂ ਛਨਾਲ ਉਸਨੂੰ ਅੱਖਾਂ ਦਿਖਾਉਂਦੀ ਹੈ।

ਸਾਂਸਦਾਂ 'ਚ ਕਾਤਲਾਂ ਦੀ ਗਿਣਤੀ ਵਧ ਗਈ ਹੈ
ਸ਼ੈਤਾਨ ਦੀ ਆਂਤ ਹੋਰ ਲੰਬੀ ਹੋ ਗਈ ਹੈ
ਸੰਸਦ, ਸੰਵਿਧਾਨਕ ਗੁੰਡਿਆਂ ਨੂੰ ਪਨਾਹ ਦਿੰਦੀ ਹੈ
ਸੰਸਦ ਤਾਂ ਸੁਧਾਰ-ਘਰ ਵੀ ਨਹੀਂ ਬਣ ਸਕੀ।
ਭਾਰਤੀ ਸਭਿਆਚਾਰ ਦਾ ਹੁਸੀਨ ਮੁਜ਼ਾਹਰਾ
ਹੁਣ ਵਿਧਾਨ ਸਭਾਵਾਂ 'ਚ ਹੁੰਦਾ ਹੈ।
ਗਾਲੀ-ਗਲੋਚ ਹੁੰਦੀ ਹੈ, ਪੱਗਾਂ ਲੱਥਦੀਆਂ ਹਨ
ਮਾਈਕ ਉਖਾੜੇ ਜਾਂਦੇ ਹਨ, ਕੱਪੜੇ ਪਾੜੇ ਜਾਂਦੇ ਹਨ
ਗਰੀਬਾਂ ਦੇ ਚਾਅ ਸੂਲੀ 'ਤੇ ਚਾੜ੍ਹੇ ਜਾਂਦੇ ਹਨ।
ਸੰਸਦ 'ਚ ਸ਼ਹੀਦਾਂ ਦੀਆਂ ਤਸਵੀਰਾਂ ਵੀ ਹਨ
ਪਰ ਖ਼ੂਨ ਦੀ ਚਿੱਤਰਕਾਰੀ ਵੀ ਹੁੰਦੀ ਹੈ।

ਜਲ੍ਹਿਆਂ ਵਾਲੇ ਬਾਗ 'ਚ ਗੋਲੀਆਂ ਦੇ ਨਿਸ਼ਾਨ
ਇਹੀ ਆਖਦੇ ਹਨ, "ਅਸੀਂ ਹਰਿਮੰਦਰ 'ਤੇ
ਗੋਲੀਆਂ ਦੇ ਨਿਸ਼ਾਨ ਵੀ ਦੇਖਣੇ ਸਨ
ਅਕਾਲ ਤਖ਼ਤ ਨੂੰ ਜ਼ਖ਼ਮੀ ਹੁੰਦਾ ਅਤੇ
ਬਾਬਰੀ ਮਸਜਿਦ ਨੂੰ ਢਹਿੰਦਿਆਂ ਵੇਖਣਾ
ਸ਼ਾਇਦ ਇਹੀ ਸਾਡਾ ਨਸੀਬ ਹੋਣਾ ਸੀ
ਸਾਡੀ ਤਹਿਜ਼ੀਬ ਨੇ ਇੰਨੀ ਬਦਤਮੀਜ਼ ਹੋਣਾ ਸੀ।"

ਦਿੱਲੀ 'ਚ ਹੁਣ ਤਕ ਜੋ ਵੀ ਵਾਪਰਿਆ ਹੈ
ਜਿਵੇਂ ਤਹਿਜ਼ੀਬ ਦਾ ਚੀਰ-ਹਰਣ ਹੋਇਆ ਹੈ
ਇਤਿਹਾਸ ਦਾ ਹਰ ਪੰਨਾ ਉਸ 'ਤੇ ਰੋਇਆ ਹੈ
ਉਸ ਸ਼ਰਮਿੰਦਗੀ ਦੇ ਨਿਸ਼ਾਨ ਅੱਜ ਵੀ
ਹਸਤਨਾਪੁਰ ਦੀਆਂ ਦੀਵਾਰਾਂ 'ਤੇ ਉਕਰੇ ਹਨ
ਮੂਲਵਾਦੀਆਂ 'ਚ ਘਿਰਿਆ ਧਿਰਤਰਾਸ਼ਟਰ ਕੀ ਕਰੇ ?
ਉਹਨੂੰ ਕੌਰਵਾਂ ਤੋਂ ਬਿਨਾਂ ਕੁਝ ਸੁਝਦਾ ਹੀ ਨਹੀਂ

ਕੌਣ ਪੜ੍ਹ ਕੇ ਸੁਣਾਵੇ ਉਸਨੂੰ ਅਧੋਗਤੀ ਦੀ ਇਬਾਰਤ
ਉਸਨੂੰ ਦਰੋਪਦੀ ਦੇ ਅੱਥਰੂ ਨਹੀਂ ਦਿਸਦੇ।
ਕਾਨੂੰਨ-ਘਾੜੇ ਤਾਂ ਕਾਨੂੰਨ ਨੂੰ ਰਖੇਲ ਸਮਝਦੇ ਹਨ
ਸਵਰ-ਉੱਚ ਅਦਾਲਤ 'ਚ ਬੈਠੇ ਨਿਆਂਦੀਸ਼
ਕਤਲ ਹੋਈਆਂ ਜ਼ਮੀਰਾਂ ਤੋਂ ਡਰਦੇ ਹਨ
ਨਿਆਂਸ਼ਾਲਾ ਦੀ ਪਿੱਠ 'ਤੇ ਲਾਸ਼ਾਂ ਉਭਰ ਆਈਆਂ ਨੇ
ਨਿਆਂ ਦੀ ਤੱਕੜੀ ਡੋਲਣ ਲੱਗ ਪਈ ਹੈ
ਛਨਾਲ ਵਿਦੇਸ਼ੀ ਭਾਸ਼ਾ ਬੋਲਣ ਲੱਗ ਪਈ ਹੈ।

ਚੌਂਕ 'ਚ ਖੜੇ ਸ਼ਹੀਦ ਦਾ ਬੁੱਤ ਰੋਣ ਲੱਗ ਪਿਆ ਹੈ
ਸਿਖ਼ਰ ਦੁਪਹਿਰੇ ਨ੍ਹੇਰਾ ਹੋਣ ਲੱਗ ਪਿਆ ਹੈ
'ਅਕਾਸ਼ਵਾਣੀ' ਹੁਣ ਕੋਈ ਪੈਗੰਬਰ ਨਹੀਂ ਕਰਦਾ
ਸਿਰਫ਼ ਭਗਵਾਂ ਜਾਂ ਚਿੱਟਾ ਲਿਬਾਸ ਬੋਲਦਾ ਹੈ
ਇਕ ਪੱਤੀ ਟੁੱਟਦੀ ਹੈ ਤਾਂ ਬਾਗ ਡੋਲਦਾ ਹੈ
ਡਰਦੀ ਹਵਾ ਵੀ ਸਾਹ ਨਹੀਂ ਲੈਂਦੀ
ਨਾ ਕੋਈ ਪੰਛੀ ਹੀ ਪਰ ਤੋਲਦਾ ਹੈ।

ਜਮਹੂਰੀਅਤ ਲਹੂ-ਲੁਹਾਣ ਹੋਈ ਨੰਗੀ ਦੌੜਦੀ ਹੈ
ਬੀਬੀਆਂ ਦਾੜੀਆਂ ਦਾ ਕਤਲ ਹੁੰਦਾ ਹੈ
ਚੁੰਨੀਆਂ ਦਾ ਦਸਤਾਰਾਂ ਦਾ ਕਤਲ ਹੁੰਦਾ ਹੈ
ਇਕ ਦਾ ਨਹੀਂ ਹਜ਼ਾਰਾਂ ਦਾ ਕਤਲ ਹੁੰਦਾ ਹੈ
ਕੁਝ ਇਸ ਤਰ੍ਹਾਂ ਦਾ ਕੁਹਰਾਮ ਮਚਦਾ ਹੈ
ਸ਼ਿਵ ਦਾ ਸੰਖ ਵਿਲਕ ਉੱਠਦਾ ਹੈ
ਕ੍ਰਿਸ਼ਨ ਦੀ ਬੰਸਰੀ ਰੋਣ ਲੱਗ ਪੈਂਦੀ ਹੈ
ਅੰਬਰ ਦੀ ਛੱਤ ਚੋਣ ਲੱਗ ਪੈਂਦੀ ਹੈ।

ਅੱਜ ਵੀ ਔਰਤਾਂ ਨੂੰ ਨਿਰਵਸਤਰ ਕਰ ਕੇ
ਗਲ਼ੀਆਂ 'ਚ ਘੁਮਾਇਆ ਜਾਂਦਾ ਹੈ
ਫਿਰ 'ਜੈ ਹੋ ! ਜੈ ਹੋ' ਦਾ ਨਾਹਰਾ ਲਾਇਆ ਜਾਂਦਾ ਹੈ
ਸੰਗੀਨਾਂ ਦੀ ਛਾਵੇਂ ਸੋਨੇ ਦੀ ਚਿੜੀ ਝੁਲਸ ਗਈ ਹੈ
ਛਨਾਲ ਫਿਰ ਵੀ ਕਮਾਲ 'ਤੇ ਕਮਾਲ ਕਰੀ ਜਾਂਦੀ ਹੈ
ਲਾਸ਼ਾਂ 'ਤੇ ਲਾਸ਼ਾਂ ਹੀ ਧਰੀ ਜਾਂਦੀ ਹੈ।

ਮੁਨਸਿਫ਼, ਸਜਣ ਠਗ ਬਣ ਗਏ ਹਨ
ਅਦਾਲਤਾਂ ਕੰਚਨੀਆ ਵਾਂਗ ਨਖਰੇ ਕਰਦੀਆਂ ਹਨ
ਰੋਜ਼ ਹੀ ਲਾਰੇ ਤੇ ਲਾਰੇ ਲਾਉਂਦੀਆਂ ਹਨ
ਇਨਸਾਫ਼ ਦੀ ਥਾਂ 'ਤੇ ਤਰੀਕਾਂ ਪਾਉਂਦੀਆਂ ਹਨ
ਵਸਦੇ ਘਰ ਜੋ ਕਬਰਾਂ ਬਣ ਗਏ ਨੇ
ਉਥੋਂ ਵੀ ਛਨਾਲ ਦੀਆਂ 'ਵਾਜ਼ਾਂ ਆਉਂਦੀਆਂ ਹਨ
ਰਾਜ-ਗਾਇਕ ਤਾਂ ਹੁਣ ਚੁੱਪ ਹੋ ਗਏ ਨੇ
ਹੁਣ ਸਿਰਫ਼ ਛਨਾਲਾਂ ਹੀ ਗਾਉਂਦੀਆਂ ਹਨ।

ਰਾਖ਼ਸ਼ਸ ਤੇ ਦੇਵਤੇ ਸੱਤਾ ਦੇ ਭਾਈਵਾਲ ਬਣ ਗਏ ਨੇ
ਇਹ ਸਭ ਛਨਾਲ ਦੇ ਦਲਾਲ ਬਣ ਗਏ ਨੇ
ਸ਼ਾਇਦ ਕੌਰਵ ਤੇ ਪਾਂਡਵ ਫਿਰ ਲੜਨਗੇ
ਕੀ ਪਤਾ ਕਿੰਨੇ ਲਾਖ ਦੇ ਮਹਿਲਾਂ 'ਚ ਸੜਨਗੇ।

# ਮਾਂ-ਪੁੱਤ ਦਾ ਸੰਵਾਦ

ਵਿਧਵਾ ਮਾਂ ਨੇ ਗਭਰੂ ਪੁੱਤ ਨੂੰ
ਬੁੱਕਲ ਦੇ ਵਿਚ ਲੈ ਕੇ ਪੁੱਛਿਆ
'ਬੇਟਾ ਤੂੰ ਕੀ ਬਣਨਾ ਚਾਹੁੰਦੈ ?
ਤੇਰੇ ਪਾਪਾ ਦੀ ਇੱਛਾ ਸੀ
'ਮੇਰੇ ਵਾਂਗ ਨਾ ਗੁਰਬਤ ਭੋਗੇ
ਤੈਨੂੰ ਬਹੁਤ ਮਹਾਨ ਬਣਾਵਾਂ
ਤੇਰੇ ਪਾਪਾ ਦੇ ਚਾਅ ਸਾਰੇ
ਮੈਂ ਹੁਣ ਪੂਰੇ ਕਰਨੇ ਚਾਹਵਾਂ'

ਮਾਂ ਦੀ ਚਾਹਤ, ਬਾਪ ਦੇ ਸੁਪਨੇ
ਘਰ ਦੀ ਗੁਰਬਤ ਤੇ ਮੰਦਹਾਲੀ
ਨੇਕ ਕਮਾਈ ਕਰਦੇ-ਕਰਦੇ
ਬਾਪ ਦਾ ਤਿਲ-ਤਿਲ ਕਰਕੇ ਮਰਨਾ
ਸਾਰਾ ਕੁਝ ਬੇਟੇ ਦੇ ਨੈਣੀਂ
ਕਿਸੇ ਹਲਟ ਦੀ ਮਾਅਲ ਦੇ ਵਾਂਗੂੰ
ਅੱਖਾਂ ਅੱਗੇ ਘੁੰਮ ਰਿਹਾ ਸੀ।

ਬੇਟੇ ਵਿਚ ਸੀ ਜੀਣ ਦੀ ਇੱਛਾ
ਅੱਗੇ ਵਧਣ ਦਾ ਸ਼ੌਕ ਬੜਾ ਸੀ
ਉਸ ਦੇ ਵੀ ਕੁਝ ਖ਼੍ਵਾਬ ਸੀ ਆਪਣੇ
ਮਿੱਟੀ ਵਿਚ ਬਗ਼ਾਵਤ ਵੀ ਸੀ
ਉੱਚਾ ਉਡਨ ਦੀ ਚਾਹਤ ਵੀ ਸੀ
ਸੱਤਾ ਦੇ ਸਭ ਤੌਰ ਤਰੀਕੇ
ਭਲੀ ਭਾਂਤ ਉਹ ਜਾਣ ਗਿਆ ਸੀ।

ਬਹੁਤ ਹੀ ਸਤਿਕਾਰ ਨਾਲ ਉਹ
ਮਾਂ ਨੂੰ ਆਪਣੇ ਕੋਲ ਬਹਾ ਕੇ
ਆਪਣੇ ਦਿਲ ਦੀ ਸਾਰੀ ਇੱਛਾ
ਏਸ ਤਰ੍ਹਾਂ ਕੁਝ ਆਖਣ ਲੱਗਾ:
"ਬਹੁਤ ਫ਼ਲਸਫ਼ੇ ਮੈਂ ਪੜ੍ਹ ਚੁੱਕਾਂ
ਆਪਣਾ ਰਾਹ ਵੀ ਮੈਂ ਚੁਣ ਚੁੱਕਾਂ
ਏਸ ਲਈ ਮੈਂ ਸੋਚ ਲਿਆ ਹੈ
ਮੈਂ ਸੰਵਿਧਾਨਕ-ਗੁੰਡਾ ਬਣ ਕੇ
ਨੇਤਾ ਬਣ ਕੇ, ਰਹਿਬਰ ਬਣ ਕੇ
ਜਾਂ ਸੰਸਦ ਦਾ ਮੈਂਬਰ ਬਣ ਕੇ
ਜੀਵਨ ਦੀ ਸ਼ੁਰੂਆਤ ਹੈ ਕਰਨੀ।
ਜਾਂ ਕੋਈ ਅਖ਼ਬਾਰ ਚਲਾ ਕੇ
ਇਕ ਚਾਤਰ ਸੰਪਾਦਕ ਵਾਂਗੂੰ
ਸੱਤਾ ਆਪਣੀ ਮੁੱਠ 'ਚ ਲੈਣੀ
ਧਰਤੀ-ਅੰਬਰ ਇਕ ਕਰਨਾ ਹੈ।
ਸ਼ਾਇਦ ਮੇਰੇ ਪਾਪਾ ਦੀ ਰੂਹ ਨੇ
ਏਸ ਤਰ੍ਹਾਂ ਹੀ ਹੁਣ ਠਰਨਾ ਹੈ
ਏਹੋ ਹੀ ਰੁਜ਼ਗਾਰ ਹੈ ਜਿਸ ਨੇ
ਇਸ ਮੌਸਮ ਦਾ ਢਿੱਡ ਭਰਨਾ ਹੈ"।

ਅੰਬਰ ਜਿੱਡਾ ਹਉਕਾ ਭਰ ਕੇ
ਮਾਂ ਨੇ ਪੁੱਤ ਨੂੰ ਬਸ ਇਹੀ ਕਿਹਾ
'ਭਵਿੱਖ ਤਾਂ ਆਪਣਾ ਹੰਝੂ ਬਣ ਕੇ
ਮਿੱਟੀ ਵਿਚ ਹੀ ਰੁਲ ਗਿਆ ਹੈ
ਹੁਣ ਕੀ ਕਹਿਣ ਨੂੰ ਕੋਲ ਰਿਹਾ ਹੈ।'

# ਕਵਿਤਾ

ਉਤੇਜਿਤ ਵੀ ਇਹ ਕਰਦੀ ਹੈ
ਵਿਰੇਚਨ ਵੀ ਇਹ ਕਰਦੀ ਹੈ।
ਇਹ ਕਵਿਤਾ ਹੈ ਹਯਾਤੀ ਵਿੱਚ
ਅਸੰਖਾਂ ਰੰਗ ਭਰਦੀ ਹੈ।

ਸਦਾ ਸੰਵਾਦ ਇਹ ਸਿੱਧਾ
ਰਚਾਉਂਦੀ ਨਾਲ ਕੁਦਰਤ ਦੇ
ਹਵਾ ਦੀ ਪੌੜੀ ਚੜ੍ਹ ਕੇ
ਪੈਰ ਇਹ ਅਰਸ਼ਾਂ 'ਤੇ ਧਰਦੀ ਹੈ।

ਇਹ ਸੂਰਜ ਦੀ ਤਲੀ 'ਤੇ
ਅੱਥਰੂ ਚੁੱਪ-ਚਾਪ ਧਰ ਦੇਵੇ
ਗਜ਼ਬ ਦਾ ਸਬਰ ਹੈ
ਧਰਤੀ ਦੀ ਸਾਰੀ ਪੀੜ ਜਰਦੀ ਹੈ।

ਇਹ ਦਿਲ ਵਿੱਚ ਇਸ ਤਰ੍ਹਾਂ
ਆਉਂਦੀ ਅਚਾਨਕ ਫੁੱਲ ਜਿਵੇਂ ਖਿੜਦੈ
ਸਮੇਂ ਦੇ ਸਾਗਰਾਂ ਨੂੰ ਇਹ
ਨਜ਼ਰ ਦੇ ਵਾਂਗ ਤਰਦੀ ਹੈ।

ਹਯਾਤੀ ਦੀ ਤਰਜ਼ਮਾਨੀ
ਹਮੇਸ਼ਾ ਕਰਦੀ ਹੈ ਕਵਿਤਾ।
ਹਕੀਕਤ ਲਿਖਦੀ ਹੈ ਕਵਿਤਾ,
ਭਲਾ ਕਦ ਮਰਦੀ ਹੈ ਕਵਿਤਾ।

# ਅਜਨਬੀ

ਜਿਨ੍ਹਾਂ ਨੂੰ ਯਾਰ ਸਮਝੀਦੈ
ਉਹ ਅਕਸਰ ਹੀ ਦਗ਼ਾ ਕਰਦੇ
ਉਹ ਅਕਸਰ ਹੀ ਜੜ੍ਹਾਂ ਕਟਦੇ
ਉਹ ਮੂੰਹ 'ਤੇ ਸੋਹਲੇ ਗਾਉਂਦੇ ਨੇ
ਤੇ ਪਿੱਛੋਂ ਨਿੰਦਾ ਕਰਦੇ ਨੇ।

ਉਨ੍ਹਾਂ ਦੀ ਹਿੱਕ ਦੇ ਅੰਦਰ
ਮੁਹੱਬਤ ਦੀ ਕਣੀ ਕਿੱਥੇ ?
ਕਣੀ ਹੋਵੇ ਤਾਂ ਉਨ੍ਹਾਂ ਦੇ ਵੀ
ਚਿਹਰੇ 'ਤੇ ਜਲੌਅ ਆਏ।
ਉਨ੍ਹਾਂ ਦੇ ਮੱਥੇ ਦੇ ਅੰਦਰ
ਕੋਈ ਦੀਵਾ ਨਹੀਂ ਜਗਦਾ
ਜੇ ਦੀਵਾ ਜਗਦਾ ਹੋਵੇ ਤਾਂ
ਸਮਝ ਅੰਨ੍ਹੀ ਕਿਵੇਂ ਹੋਵੇ ?
ਉਨ੍ਹਾਂ ਦੇ ਚਿਹਰੇ ਤੋਂ ਲਗਦੈ
ਜਿਵੇਂ ਮੁਰਦਾ ਅਚਾਨਕ
ਕਬਰ ਵਿਚੋਂ ਜਾਗਿਆ ਹੋਵੇ।

ਉਨ੍ਹਾਂ ਦੇ ਖ਼ੂਨ ਦੇ ਅੰਦਰ
ਇਹੋ ਹੀ ਗੱਲ ਰਚੀ ਹੁੰਦੀ
ਕਿਵੇਂ ਹੈ ਵਰਤਣਾ ਇਸ ਨੂੰ
ਕਿਵੇਂ ਇਸ ਤੋਂ ਹੈ ਕੰਮ ਲੈਣਾ,
ਇਹ ਸਾਡਾ ਕੀ ਸੁਆਰੇਗਾ।

ਉਹ ਅਕਸਰ ਸ਼ਾਮ ਦੇ ਵੇਲੇ
ਤੁਹਾਡੇ ਕੋਲ ਆਉਂਦੇ ਨੇ
ਉਹ ਘੁੱਟ ਦਾਰੂ ਦਾ ਪੀ ਕੇ ਹੀ
ਤੁਹਾਡਾ ਦੁੱਖ ਸੁਣਦੇ ਨੇ ਤੇ
ਆਪਣੀ ਗੱਲ ਸੁਣਾਉਂਦੇ ਨੇ।

ਕਦੀ ਹਉਕੇ ਵੀ ਭਰਦੇ ਨੇ
ਮਗਰਮੱਛ ਵਾਂਗ ਹੰਝੂ ਕੇਰਦੇ ਹੋਏ
ਉਹ ਅਕਸਰ ਇਸ ਤਰ੍ਹਾਂ ਕਹਿੰਦੇ :
"ਤੂੰ ਰੁਖ ਦੇ ਵਾਂਗ 'ਕੱਲਾ ਜ਼ਿੰਦਗੀ ਕੀਕਣ ਬਿਤਾਉਂਦਾ ਏਂ ?
ਤੂੰ ਹਰ ਵੇਲੇ ਉਦਾਸੀ ਤੇ ਇਕੱਲਤਾ ਹੀ ਹੰਢਾਉਂਦਾ ਏਂ
ਫ਼ਰਿਸ਼ਤਾ ਏਂ, ਪੈਗ਼ੰਬਰ ਏਂ, ਤੂੰ ਈਸਾ ਤੋਂ ਕਿਤੇ ਘੱਟ ਏਂ
ਜਦੋਂ ਵੇਖੋ ਤੂੰ ਸੂਲੀ 'ਤੇ ਸਦਾ ਹੀ ਲਟਕਦਾ ਹੁੰਨੈ"
ਇਹ ਉਸ ਵੇਲੇ ਦੀ ਗੱਲ ਹੈ ਜਦ
ਮੇਰੇ ਹੇਠਾਂ ਵੀ ਕੁਰਸੀ ਸੀ।

ਉਨ੍ਹਾਂ ਨੂੰ ਜਦ ਪਤਾ ਲੱਗੈ
ਕਿ ਅੱਜਕੱਲ੍ਹ ਮੈਂ ਤਾਂ ਵਿਹਲਾਂ ਹਾਂ
ਨਾ ਮੇਰੇ ਕੋਲ ਕੁਰਸੀ ਹੈ ਨਾ ਰੁਤਬਾ ਹੈ ਕੋਈ ਐਸਾ
ਜੋ ਉਹਨਾਂ ਨੂੰ ਦਵੇ ਲਾਹਾ।
ਤਾਂ ਹੁਣ ਜਦ ਵੀ ਕਦੀ ਮਿਲਦੇ
ਤਾਂ ਅਕਸਰ ਇਸ ਤਰ੍ਹਾਂ ਮਿਲਦੇ
ਜਿਵੇਂ ਮੈਂ ਅਜਨਬੀ ਹੋਵਾਂ ਜਿਵੇਂ ਮੈਂ ਓਪਰਾ ਹੋਵਾਂ।

# ਨਮੋਸ਼ੀ

ਲੱਖਾਂ ਘਰਾਂ ਨੂੰ ਉਜਾੜ ਕੇ
ਅਸੰਖਾਂ ਰੁੱਖਾਂ ਨੂੰ ਰੋੜ੍ਹ ਕੇ
ਅਣਗਿਣਤ ਬੱਚਿਆਂ ਨੂੰ ਲਵਾਰਸ ਕਰਕੇ
ਇਕ ਵਹਿਸ਼ੀ ਦੀ ਤਰ੍ਹਾਂ
ਮੂੰਹ ’ਚੋਂ ਝੱਗ ਸੁੱਟ ਕੇ
ਸਮੁੰਦਰ ਸ਼ਾਂਤ ਹੋ ਗਿਆ ਹੈ।
ਇਕ ਬਲਾਤਕਾਰੀ ਦੀ ਤਰ੍ਹਾਂ
ਹਵਸ ਦੀ ਪੂਰਤੀ ਪਿੱਛੋਂ ਸਹਿਮ ਗਿਆ ਹੈ।
ਬੇਹਿਸਾਬ ਜਾਨਾਂ ਨੂੰ
ਡੁਬੋ ਲੈਣ ਵਾਲਾ
ਸ਼ਾਇਦ ਨਮੋਸ਼ੀ ’ਚ ਗ਼ਰਕ ਗਿਆ ਹੈ।

ਸਮੁੰਦਰ ਨੂੰ ਪੁੱਛਿਓ :
ਤੂੰ ਅਸੰਖਾਂ ਵਰ੍ਹਿਆਂ ਤੋਂ
ਇਹੀ ਕੁਝ ਕਰਦਾ ਆਇਆ ਏਂ ?
ਅਸੀਂ ਹੁਣ ਵੀ ਕਹਿੰਦੇ ਹਾਂ :
ਤੂੰ ਜੋ ਕਰਨਾ ਹੈ ਕਰੀ ਜਾ।
ਪਰ ਅਸੀਂ ਤੇਰੀ ਹਿੱਕ ’ਤੇ
ਬਾਖ਼ੂਬੀ ਤਰਦੇ ਰਹਿਣਾ ਹੈ।
ਤੇਰੀ ਹੋਂਦ ਨੂੰ ਤਾਂ ਇਕ ਮੱਛੀ ਵੀ ਲਲਕਾਰਦੀ ਹੈ
ਮਨੁੱਖ ਤਾਂ ਫਿਰ ਵੀ ਮਨੁੱਖ ਹੈ
ਜਿਸ ਪਾਣੀਆਂ ਨੂੰ ਨਕੇਲ ਪਾਈ ਹੈ
ਹਵਾ ਨੂੰ ਮੁੱਠੀ ’ਚ ਬੰਦ ਕੀਤਾ ਹੈ
ਅੱਗ ਨੂੰ ਸ਼ਕਤੀ ’ਚ ਬਦਲਿਆ ਹੈ।



ਸਮੁੰਦਰ
ਸ਼ਾਇਦ ਤੂੰ ਜਾਣਦਾ ਨਹੀਂ :
ਪੰਛੀਆਂ ਨੇ ਫਿਰ
ਰੁੱਖਾਂ 'ਤੇ ਆਲ੍ਹਣੇ ਪਾ ਲਏ ਨੇ
ਮਨੁੱਖ ਨੇ ਫਿਰ
ਤੇਰੇ ਕਿਨਾਰੇ 'ਤੇ ਘਰ ਵਸਾ ਲਏ ਨੇ
ਪਸ਼ੂ ਫਿਰ ਚਰਾਂਦਾਂ 'ਚ ਆ ਗਏ ਨੇ।

ਸਮੁੰਦਰ
ਤੂੰ ਦਰਿੰਦੇ ਵਾਂਗ/ਨੇਤਾ ਵਾਂਗ/ਡਾਕੂ ਵਾਂਗ
ਸਾਨੂੰ ਜਿੰਨੀ ਵਾਰ ਲੁੱਟਿਆ ਹੈ
ਅਸੀਂ ਓਨੀ ਵਾਰ
ਤੇਰੀ ਹਿੱਕ ਚੀਰ ਕੇ ਲੰਘੇ ਹਾਂ।

ਸਮੁੰਦਰ
ਤੂੰ ਹੋਰ ਖੌਰੂ ਪਾ
ਤੇਰੇ ਖੌਰੂ 'ਚੋਂ ਅਸੀਂ
ਸੰਗੀਤ ਲੱਭਾਂਗੇ
ਤੇਰੀ ਹਲਚਲ ਤੋਂ ਅਸੀਂ
ਇਕਾਗਰਤਾ ਦੀ ਤਲਾਸ਼ ਕਰਾਂਗੇ।
ਤੇਰੀ ਤਬਾਹੀ ਦੀ ਰੁਚੀ
ਸਾਨੂੰ ਪੁਨਰਨਿਰਮਾਣ ਦਾ ਬਲ ਬਖ਼ਸ਼ੇਗੀ।
ਸਮੁੰਦਰ ਸ਼ਾਂਤ ਨਹੀਂ ਹੋਇਆ
ਸ਼ਾਇਦ ਆਪਣੀ ਨਮੋਸ਼ੀ 'ਚ
ਗ਼ਰਕ ਗਿਆ ਹੈ।

# ਨਹਿਰੂ

ਇਕ ਦਾ ਦਾਅਵਾ ਹੈ : ਮੈਂ ਨਹਿਰੂ ਨੂੰ ਜਿਊਂਦੇ ਨੂੰ ਵੇਖਿਆ
ਦੂਸਰੇ ਦਾ ਦਾਅਵਾ ਹੈ : ਮੈਂ ਨਹਿਰੂ ਨੂੰ ਮਰਿਓਂ ਨੂੰ ਵੇਖਿਆ
ਤੀਜੇ ਦਾ ਦਾਅਵਾ ਹੈ : ਮੈਂ ਨਹਿਰੂ ਨੂੰ ਜਿਉਂਦੇ ਨੂੰ ਵੀ ਤੇ
ਮਰਿਓਂ ਨੂੰ ਵੀ ਵੇਖਿਆ।

ਇਕ ਹੋਰ ਨੇ ਕਿਹਾ : ਮੈਂ ਸਿਰਫ਼ ਉਸ ਦੀਆਂ
ਪੁਸਤਕਾਂ ਪੜ੍ਹੀਆਂ ਨੇ ਜੋ ਹੁਣ ਵੀ ਮੇਰੇ ਨਾਲ ਖੜੀਆਂ ਨੇ।

ਇਕ ਹੋਰ ਬੋਲਿਆ :
ਉਹ ਬੜਾ ਵਿਦਵਾਨ ਸੀ
ਕਿਸੇ ਨੇ ਕਿਹਾ ਸ਼ੈਤਾਨ ਸੀ
ਕੋਈ ਬੋਲਿਆ :
ਉਹ ਨਵੇਂ ਭਾਰਤ ਦਾ ਨਿਰਮਾਤਾ ਸੀ

ਇਕ ਨੇ ਟਿੱਪਣੀ ਕੀਤੀ :
ਉਹ ਬੜਾ ਰੰਗੀਨ-ਮਿਜਾਜ਼ ਸੀ
ਸੁਣਿਐ ਕਈਆਂ ਔਰਤਾਂ ਨਾਲ
ਉਸ ਦਾ ਖ਼ਾਸ ਲਿਹਾਜ਼ ਸੀ।

ਵਕਤ ਬੋਲਿਆ :
ਤੁਸੀਂ ਕਿਸੇ ਨੇ / ਕਿਸੇ ਨੂੰ ਵੀ ਨਹੀਂ ਵੇਖਿਆ
ਤੁਸੀਂ ਕਿਸੇ ਨੇ/ ਕਿਸੇ ਨੂੰ ਵੀ ਨਹੀਂ ਜਾਣਿਆ
ਤੁਸੀਂ ਜਿਸ ਨੂੰ ਜਿਹੋ ਜਿਹਾ ਵੇਖਣਾ ਚਾਹੁੰਦੇ ਹੋ
ਉਸ 'ਚੋਂ ਉਹੋ ਜਿਹਾ ਭਾਲ ਲੈਂਦੇ ਹੋ।

# ਇੱਛਾਧਾਰੀ ਸੱਪ

ਤੁਸੀ ਸ਼ਾਇਦ ਹਕੀਕਤ ਏਸ ਤੋਂ
ਵਾਕਿਫ਼ ਨਹੀਂ
ਮੈਂ ਕੌਣ ਹਾਂ ?

ਕਦੀ ਮੈਂ ਰਾਮ ਬਣਦਾ ਹਾਂ ਕਦੀ ਰਾਵਣ
ਤੇ ਸੀਤਾ ਹਰਣ ਵੇਲੇ ਜੋ
ਸੁਨਹਿਰੀ ਹਿਰਨ ਬਣਿਆ ਸੀ
ਉਹ ਮੈਂ ਹੀ ਸਾਂ।

ਕੋਈ ਵੀ ਮੁਲਕ/
ਕੋਈ ਤਹਿਜ਼ੀਬ/ਕੋਈ ਵੀ ਕਾਲ
ਨਹੀਂ ਐਸਾ
ਕਿ ਜਿੱਥੇ ਹੋਂਦ ਨਹੀਂ ਮੇਰੀ।

ਉਹ ਜਿਸ ਨੇ ਕੌਰਵਾਂ ਤੇ ਪਾਂਡਵਾਂ ਵਿਚ
ਯੁੱਧ ਕਰਾਇਆ ਸੀ
ਉਹ ਮੈਂ ਹੀ ਸਾਂ।
ਨਮੋਸ਼ੀ ਨਾਲ ਨੱਕੋ-ਨੱਕ ਭਰੀ ਹੋਈ
ਸਭਾ ਜਿਸ ਵਿਚ
ਦਰੋਪਦੀ ਦੀ ਦੁਰਦਸ਼ਾ ਤੱਕ ਕੇ
ਉਹ ਜਿਹੜਾ ਮੁਸਕਰਾਇਆ ਸੀ
ਉਹ ਮੈਂ ਹੀ ਸਾਂ।

ਹਾਂ,ਆਪਣੇ ਮੁਲਕ ਦੀ ਵੰਡ ਵੇਲੇ
ਸੰਤਾਲੀ ਵਿਚ/ਚੁਰਾਸੀ ਵਿਚ
ਜਿਹੜੇ ਦਰਿਆ ਵਗੇ ਸਨ ਖ਼ੂਨ ਦੇ
ਮੈਂ ਹੀ ਵਹਾਏ ਸਨ।
ਤੇ ਲਾਸ਼ਾਂ ਦੇ ਅੰਬਾਰਾਂ 'ਤੇ ਖੜੇ ਹੋ ਕੇ
ਜਿਹਨੇ ਫਿਰ ਏਕਤਾ ਦੇ ਨਾਹਰੇ ਲਾਏ ਸਨ
ਉਹ ਮੈਂ ਸਾਂ।

ਉਹ ਕਿਹੜਾ ਸੀ
ਜਿਹਨੇ ਮਸਜਿਦ ਦੇ ਸੀਨੇ ਵਿਚ
ਤਿਰਸ਼ੂਲਾਂ ਤੇ ਸਰੀਆਂ ਨਾਲ ਡੂੰਘੇ ਸੱਲ੍ਹ ਪਾਏ ਸਨ ?
ਉਹ ਕਿਹੜਾ ਸੀ
ਜਿਨ੍ਹੇ ਨੇ ਕੀਤੀ ਸੀ ਵਾਛੜ ਗੋਲੀਆਂ ਦੀ
ਰੱਬ ਦੇ ਘਰ 'ਤੇ ?
ਉਹ ਕਿਹੜਾ ਸੀ
ਜਿਨ੍ਹੇ ਤੋਪਾਂ ਚੜ੍ਹਾਈਆਂ ਸਨ
ਹਰਿਮੰਦਰ ਦੀ ਅਜ਼ਮਤ 'ਤੇ ?
ਉਹ ਮੈਂ ਹੀ ਸਾਂ।

ਕੋਈ ਵੀ ਮੇਰੀ ਤਾਕਤ ਦਾ
ਅੰਦਾਜ਼ਾ ਲਾ ਨਹੀਂ ਸਕਦਾ।
ਹਰਿਕ ਦਿਨ ਹੀ/ਅਸੰਖਾਂ ਰੁੱਖ ਵਢੀਂਦੇ ਨੇ
ਮਗਰ ਖੜਕਾ ਨਹੀਂ ਹੁੰਦਾ
ਪਰ ਮੈਂ ਇਕੋ ਇਸ਼ਾਰੇ ਨਾਲ
ਧਰਤੀ ਨੂੰ ਹਿਲਾ ਸਕਦਾ ਹਾਂ

ਕਿਉਂ ਕਿ ਮੈਂ ਪਾਵੇ ਨਾਲ ਕਾਲ ਬੰਨਿਆਂ ਹੈ
ਸਿਆਸਤ ਮੇਰੀ ਦਾ ਲੋਹਾ
ਸ਼ੈਤਾਨਾਂ ਨੇ ਵੀ ਮੰਨਿਆਂ ਹੈ।

ਮੈਂ ਇੱਛਾਧਾਰੀ ਸੱਪ ਹਾਂ
ਤੁਸੀ ਚਾਹੋ ਤਾਂ ਸੱਤਾਧਾਰੀ ਆਖ ਸਕਦੇ ਹੋ।
ਮੈਂ ਸੰਸਦ 'ਚੋ ਨਿਕਲਦਾ ਹਾਂ
ਜੋ ਮੇਰੇ ਸਾਹਮਣੇ ਅੱਖ ਚੁੱਕਦਾ ਹੈ
ਮੈਂ ਉਸ ਨੂੰ ਤਾਂ ਪਲਾਂ ਅੰਦਰ ਨਿਗਲਦਾ ਹਾਂ।
ਮੈਂ ਕਈ-ਕਈ ਰੰਗ ਬਦਲਦਾ ਹਾਂ
ਪੁਰਾਣੀ ਕੁੰਜ ਲਾਹੁੰਦਾ ਹਾਂ
ਨਵੇਂ ਢਾਂਚੇ 'ਚ ਢਲਦਾ ਹਾਂ।
ਕਦੀ ਨੀਲਾ,ਕਦੀ ਭਗਵਾਂ,ਕਦੀ ਚਿੱਟਾ ਅਤੇ
ਲਹੂ ਦੇ ਰੰਗ ਵਰਗਾ ਸੁਰਖ਼
ਪਹਿਰਾਵਾ ਵੀ ਮੇਰਾ ਹੀ ਹੁੰਦਾ ਹੈ
ਮੈਂ ਇੱਛਾਧਾਰੀ ਸੱਪ ਹਾਂ
ਤੁਸੀ ਸੱਤਾਧਾਰੀ ਵੀ ਆਖ ਸਕਦੇ ਹੋ
ਤੇ ਵੋਟਾਂ ਬਦਲੇ ਲਾਸ਼ਾਂ ਦਾ
ਵਿਉਪਾਰੀ ਵੀ ਆਖ ਸਕਦੇ ਹੋ।

# ਸ਼ਬਦਾਂ ਦੀ ਗਵਾਹੀ

ਜਦੋਂ ਮੈਂ ਕਵਿਤਾ ਲਿਖਦਾ ਹਾਂ
ਤਾਂ ਰੁੱਖ ਮੇਰੀ–ਕਲਮ ਬਣਦੇ
ਅਤੇ ਸਾਗਰ
ਸਿਆਹੀ ਦਿੰਦੇ ਨੇ।
ਇਵੇਂ ਇਹ ਸ਼ਬਦ ਪੌਣਾਂ ਵਿਚ
ਫ਼ਿਜਾਵਾਂ ਵਿਚ
ਮੇਰੇ ਹਰ ਥਾਂ ’ਤੇ
ਹੋਵਣ ਦੀ–
ਗਵਾਹੀ ਦਿੰਦੇ ਨੇ।

# ਸ਼ੁਕਰਾਣੂ

ਇਹ ਸਿਰਫ
ਇਕ ਸ਼ੁਕਰਾਣੂ ਦਾ ਹੀ ਕਰਿਸ਼ਮਾ ਹੈ
ਭਾਵੇਂ ਈਸਾ ਜਾਂ ਬੁੱਧ ਹੋਵੇ
ਜਾਂ ਕੋਈ ਆਤਮਾ
ਹੋਰ ਵੀ ਸ਼ੁੱਧ ਹੋਵੇ
ਅਸੀਂ ਭਾਵੇ ਰਾਮ, ਕ੍ਰਿਸ਼ਨ,
ਮਹੇਸ਼ ਦੀ ਗੱਲ ਕਰੀਏ
ਭਾਵੇਂ ਕਿਸੇ ਦੇਵ ਪੁਰਸ਼ ਜਾਂ
ਗਣੇਸ਼ ਦੀ ਗੱਲ ਕਰੀਏ
ਸਿਰਫ਼ ਸ਼ੁਕਰਾਣੂ ਦੇ
ਕ੍ਰਿਸ਼ਮੇਂ ਤੋਂ ਸਿਵਾ
ਕੁਝ ਵੀ ਤਾਂ ਨਹੀਂ।

# ਆਪਣੀ ਛੱਤ

ਮੇਰੇ ਬਾਰੇ ਜਦੋਂ ਮੌਸਮ ਨੂੰ ਪਤਾ ਲੱਗਾ
ਕਿ ਮੇਰੇ ਕੋਲ ਨਾ ਦਰ ਹੈ ਨਾ ਘਰ ਹੈ
ਨਾ ਨਗਰ ਕੋਈ
ਨਾ ਭੋਰਾ ਛੱਤ ਹੈ ਸਿਰ ਲੁਕਾਵਣ ਦੇ ਲਈ
ਮੁਹਾਜਰ ਸਮਝ ਕੇ
ਕੋਈ ਵੀ ਤਾਂ ਆਖਦਾ ਨਈਂ
ਕੋਲ ਆ ਜਾਵਣ ਦੇ ਲਈ।

ਅਚਨਚੇਤੀ ਚਿੜੀਆਂ ਨੇ ਵੀ
ਮੇਰੇ ਘਰ 'ਚ ਆਉਣਾ ਛੱਡ ਦਿੱਤਾ ਹੈ।
ਕਬੂਤਰ /ਘੁੱਗੀਆਂ ਜੋ ਗੁਟਕਦੇ ਹੁੰਦੇ ਸਨ
ਬਨੇਰੇ 'ਤੇ ਕਦੀ
ਉਡਾਰੀ ਮਾਰ ਕੇ ਲੰਮੀ
ਉਹ ਵੀ ਹੁਣ ਉਡ ਗਏ ਐਦਾਂ
ਜਿਵੇਂ ਕਿ ਮੈਂ ਸ਼ਿਕਾਰੀ ਹਾਂ
ਤੇ ਉਨ੍ਹਾਂ ਦਾ ਪੁਰਾਣਾ ਸ਼ਰੀਕ ਹੁੰਦਾ ਹਾਂ।

ਭਰੇ ਪਾਣੀ ਦੇ ਕੌਲ, ਖਿਲਾਰਿਆ ਚੋਗਾ
ਉਹ ਤਕਦੇ ਸਾਰ ਉਡ ਜਾਂਦੇ ਨੇ
ਜਿਵੇਂ ਦੁਸ਼ਮਣ ਦੇਸ਼ ਦੇ ਜਾਸੂਸ ਨੇ
ਬਾਰੂਦ ਹੋਵੇ ਛਿੜਕਿਆ।
ਜਿਵੇਂ ਹੱਥਾਂ 'ਚ 'ਚੋਗਾ ਨਈਂ
ਮੈਂ ਕੋਈ ਜਾਲ ਫੜਿਆ ਹੈ

ਜਾਂ ਵਿਸ-ਭਰੀਆਂ ਗੰਦਲਾਂ ਨੂੰ ਸ਼ਹਿਦ ਲਾਇਆ ਹੈ।
ਉਹ ਪੰਛੀ, ਮੇਰੀਆਂ ਤਲੀਆਂ 'ਤੇ ਜਿਹੜੇ
ਚੋਗ ਚੁਗਦੇ ਹੁੰਦੇ ਸੀ ਕਦੀ
ਪਲਾਂ ਅੰਦਰ ਪਰਾਏ ਹੋ ਗਏ ਐਂਦਾਂ
ਜਿਵੇਂ ਹੁਣ ਉੱਗ ਆਈ ਹੈ ਕੰਡਿਆਲੀ ਤਾਰ
ਤਲੀਆਂ ਮੇਰੀਆਂ ਉੱਤੇ।

ਇਹੀ ਪੰਛੀ
ਜਿਨ੍ਹਾਂ ਨੂੰ ਦਾਨਿਸ਼ਵਰ,ਸਦਾ 'ਦਰਵੇਸ਼' ਕਹਿੰਦੇ ਨੇ।
ਮੇਰੇ ਵਾਂਗੂੰ , ਜਿਨ੍ਹਾਂ ਦਾ ਦਰ/ਘਰ ਅਤੇ ਕੋਈ ਵੀ
ਨਗਰ ਨਹੀਂ ਹੁੰਦਾ
ਜੇ ਹੁੰਦਾ ਹੈ ਤਾਂ ਸਾਰਾ ਵਿਸ਼ਵ ਹੁੰਦਾ ਹੈ।

ਇਹ ਕਿਉਂ ਮੇਰੇ ਤੋਂ ਤ੍ਰਹਿੰਦੇ ਨੇ ?
ਤੇ ਉਡਕੇ ਦੂਰ ਬਹਿੰਦੇ ਨੇ।

ਓ! ਦਰਵੇਸ਼ੋ,
ਤੁਸੀ ਜਦ ਚੋਗ ਨਹੀਂ ਚੁਗਦੇ
ਤਾਂ ਤਲੀਆਂ ਮੇਰੀਆਂ 'ਚੋਂ ਖ਼ੂਨ ਸਿੰਮਦਾ ਹੈ
ਜਾਂ ਰੀਝਾਂ ਮੇਰੀਆਂ ਦਾ ਕਤਲ ਹੁੰਦਾ ਹੈ।

ਮੈਂ ਇਹ ਗੱਲ
ਰੂਸ, ਅਮਰੀਕਾ ਜਾਂ ਪਾਕਿਸਤਾਨ ਨੂੰ ਨਹੀਂ ਆਖੀ।
ਜੇ ਆਖੀ ਹੈ ਤਾਂ ਉਡਦੇ ਪੰਛੀਆਂ ਤਾਈਂ ਹੀ ਆਖੀ ਹੈ।
ਜਿਨ੍ਹਾਂ ਦਾ ਕੋਈ ਵੀ ਤਾਂ
ਦੇਸ ਨਹੀਂ ਹੁੰਦਾ।

ਅਤੇ ਸ਼ਾਇਦ ਮੇਰਾ ਵੀ ਦੋਸ਼ ਏਹੋ ਹੈ।
ਮੇਰਾ ਵੀ ਦੇਸ਼ ਨਹੀਂ ਕੋਈ
ਜਦੋਂ ਕਿ ਵਿਸ਼ਵ ਸਾਰਾ ਹੁਣ ਤਾਂ
ਇੱਕੋ ਪਿੰਡ ਬਣ ਚੁੱਕੈ।
ਇਹ ਵੀ ਅੱਜ ਹੀ ਪਤਾ ਲੱਗਾ;
'ਜੇ ਸਿਰ 'ਤੇ ਛੱਤ ਨਾ ਹੋਵੇ
ਤਾਂ ਪੰਛੀ ਵੀ ਤੁਹਾਡੇ ਮਿੱਤ ਨਹੀਂ ਹੁੰਦੇ।'
ਇਵੇਂ ਲੱਗਦੈ;
'ਜਿਵੇਂ ਪੰਛੀ ਵੀ ਏਹੋ ਸੋਚਦੇ ਹੋਵਣ
ਜਿਨ੍ਹਾਂ ਦੇ ਕੋਲ ਆਪਣੀ ਛੱਤ ਨਹੀਂ ਹੁੰਦੀ
ਕਿਸੇ ਨੂੰ ਕੀ ਪਨਾਹ ਦੇਣੀ ਹੈ ਉਹਨਾਂ ਨੇ।'

ਓ! ਸਭਿੱਅਤਾ ਦੇ ਰਾਖਿਓ
ਮੇਰੇ ਵੱਡੇ-ਵਡੇਰੇ ਬਿਰਧ ਰੁੱਖੋ
ਓ ! ਰਿਗਵੇਦਾਂ ਦੇ ਸੁੱਚਿਓ -ਸ਼ਬਦੋ
ਮੈਨੂੰ ਵੀ ਪਨਾਹ ਬਖ਼ਸ਼ੋ
ਸਿਰ ਲੁਕਾਉਣੇ ਨੂੰ ਕੋਈ ਛੱਤ ਦੇਵੋ
ਨਗਰ ਦੇਵੋ, ਕੋਈ ਪਹਿਚਾਣ ਤਾਂ ਬਖ਼ਸ਼ੋ
ਕਿ ਪੰਛੀ ਮੁੜ ਮੇਰੇ ਵਿਹੜੇ ਵਿਚ
ਕਲੋਲਾਂ ਕਰਨ।
ਤੇ ਮੈਂ ਫਿਰ ਉਨ੍ਹਾਂ ਤਾਈਂ
ਤਲੀਆਂ 'ਤੇ 'ਚੋਗ ਚੁਗਾਵਾਂ
ਕਿਸੇ ਪਿੰਡ ਦਾ ਵਸਨੀਕ ਕਹਿਲਾਵਾਂ।

# ਅਜਨਬੀ

ਜਿਨ੍ਹਾਂ ਨੂੰ ਯਾਰ ਸਮਝੀਦੈ
ਉਹ ਅਕਸਰ ਹੀ ਦਗ਼ਾ ਕਰਦੇ
ਉਹ ਅਕਸਰ ਹੀ ਜੜ੍ਹਾਂ ਕਟਦੇ
ਉਹ ਮੂੰਹ 'ਤੇ ਸੋਹਲੇ ਗਾਉਂਦੇ ਨੇ
ਤੇ ਪਿੱਛੋਂ ਨਿੰਦਾ ਕਰਦੇ ਨੇ।

ਉਨ੍ਹਾਂ ਦੀ ਹਿੱਕ ਦੇ ਅੰਦਰ
ਮੁਹੱਬਤ ਦੀ ਕਣੀ ਕਿੱਥੇ ?
ਕਣੀ ਹੋਵੇ ਤਾਂ ਉਨ੍ਹਾਂ ਦੇ ਵੀ
ਚਿਹਰੇ 'ਤੇ ਜਲੌਅ ਹੋਵੇ।
ਉਨ੍ਹਾਂ ਦੇ ਮੱਥੇ ਦੇ ਅੰਦਰ
ਕੋਈ ਦੀਵਾ ਨਹੀਂ ਜਗਦਾ
ਜੇ ਦੀਵਾ ਜਗਦਾ ਹੋਵੇ ਤਾਂ
ਸਮਝ ਅੰਨ੍ਹੀ ਕਿਵੇਂ ਹੋਵੇ ?
ਉਨ੍ਹਾਂ ਦੇ ਚਿਹਰੇ ਤੋਂ ਲਗਦੈ
ਜਿਵੇਂ ਮੁਰਦਾ ਅਚਾਨਕ
ਕਬਰ ਵਿਚੋਂ ਜਾਗਿਆ ਹੋਵੇ।

ਉਨ੍ਹਾਂ ਦੇ ਖ਼ੂਨ ਦੇ ਅੰਦਰ
ਇਹੋ ਹੀ ਗੱਲ ਰਚੀ ਹੁੰਦੀ
ਕਿਵੇਂ ਹੈ ਵਰਤਣਾ ਇਸ ਨੂੰ।
ਕਿਵੇਂ ਇਸ ਤੋਂ ਹੈ ਕੰਮ ਲੈਣਾ
ਇਹ ਸਾਡਾ ਕੀ ਸੁਆਰੇਗਾ
ਉਹ ਅਕਸਰ ਸ਼ਾਮ ਦੇ ਵੇਲੇ

ਤੁਹਾਡੇ ਕੋਲ ਆਉਂਦੇ ਨੇ
ਉਹ ਘੁੱਟ ਦਾਰੂ ਦਾ ਪੀ ਕੇ ਹੀ
ਤੁਹਾਡਾ ਦੁੱਖ ਸੁਣਦੇ ਨੇ
ਤੇ ਆਪਣੀ ਗੱਲ ਸੁਣਾਉਂਦੇ ਨੇ।
ਕਦੀ ਹਉਕੇ ਵੀ ਭਰਦੇ ਨੇ
ਮਗਰਮੱਛ ਵਾਂਗ ਹੰਝੂ ਕੇਰਦੇ ਹੋਏ
ਉਹ ਅਕਸਰ ਇਸ ਤਰ੍ਹਾਂ ਕਹਿੰਦੇ :
"ਤੂੰ ਰੁੱਖ ਦੇ ਵਾਂਗ ਕੱਲਾ ਜ਼ਿੰਦਗੀ
ਕੀਕਣ ਬਿਤਾਉਂਦਾ ਏਂ ?
ਤੂੰ ਹਰ ਵੇਲੇ ਉਦਾਸੀ ਤੇ
ਇਕੱਲਤਾ ਹੀ ਹੰਢਾਉਂਦਾ ਏਂ
ਫ਼ਰਿਸ਼ਤਾ ਏਂ, ਪੈਗ਼ੰਬਰ ਏਂ
ਤੂੰ ਈਸਾ ਤੋਂ ਕਿਤੇ ਘਟ ਏਂ
ਜਦੋਂ ਦੇਖੋ ਤੂੰ ਸੂਲੀ 'ਤੇ
ਸਦਾ ਹੀ ਲਟਕਦਾ ਹੁੰਨੈ"
ਇਹ ਉਸ ਵੇਲੇ ਦੀ ਗੱਲ ਹੈ ਜਦ
ਮੇਰੇ ਹੇਠਾਂ ਵੀ ਕੁਰਸੀ ਸੀ।

ਉਨ੍ਹਾਂ ਨੂੰ ਜਦ ਪਤਾ ਲੱਗੈ
ਕਿ ਅਜਕਲ੍ਹ ਮੈਂ ਤਾਂ ਵਿਹਲਾ ਹਾਂ
ਨਾ ਮੇਰੇ ਕੋਲ ਕੁਰਸੀ ਹੈ
ਨਾ ਰੁਤਬਾ ਹੈ ਕੋਈ ਐਸਾ
ਜੋ ਉਹਨਾਂ ਨੂੰ ਦਵੇ ਲਾਹਾ
ਤਾਂ ਹੁਣ ਜਦ ਵੀ ਕਦੀ ਮਿਲਦੇ
ਤਾਂ ਅਕਸਰ ਇਸ ਤਰ੍ਹਾਂ ਮਿਲਦੇ
ਜਿਵੇਂ ਮੈਂ ਅਜਨਬੀ ਹੋਵਾਂ
ਜਿਵੇਂ ਮੈਂ ਓਪਰਾ ਹੋਵਾਂ।

# ਸੇਵਾ-ਮੁਕਤੀ ਪਿੱਛੋਂ

ਮਨੁੱਖ
ਸੇਵਾ-ਮੁਕਤ ਹੋ ਕੇ ਵੀ
ਸੇਵਾ-ਮੁਕਤ ਨਹੀਂ ਹੁੰਦਾ।

ਅਣਕਿਆਸੀਆਂ ਜ਼ਿੰਮੇਵਾਰੀਆਂ ਤੇ
ਰਿਸ਼ਤੇਦਾਰੀਆਂ ਦੀ ਗੰਢ
ਹੋਰ ਪੀਡੀ ਹੋ ਜਾਂਦੀ ਹੈ।
ਘਰ ਦੀ ਚਾਰਦੀਵਾਰੀ ਨੂੰ
ਜੀਭਾਂ ਲਗ ਜਾਂਦੀਆਂ ਹਨ
ਵਿਹੜੇ 'ਚ ਲਾਈ ਨਿੰਮ
ਓਪਰਾ-ਓਪਰਾ ਝਾਕਣ ਲੱਗ ਪੈਂਦੀ ਹੈ।

ਸੇਵਾ-ਮੁਕਤੀ ਪਿੱਛੋਂ
ਧੁੱਪ-ਛਾਂ ਦੀ ਤਾਸੀਰ
ਬਦਲ ਜਾਂਦੀ ਹੈ।
ਦਿਨ ਤੇ ਰਾਤ ਤੇ ਅਰਥ
ਬਦਲ ਜਾਂਦੇ ਹਨ।
ਮਨੁੱਖ ਕਈ ਵਾਰੀ ਐਵੇਂ ਹੀ
ਆਪਣੇ ਪਰਛਾਵੇਂ ਤੋਂ ਤ੍ਰਬਕ ਜਾਂਦਾ ਹੈ
ਜਿਵੇਂ ਪਰਛਾਵੇਂ ਦਾ ਕਰਜ਼ਦਾਰ ਹੋਵੇ।
ਘਰ ਦੇ ਹਰ ਜੀਅ ਦੀ ਅੱਖ 'ਚ
ਲਾਲਚ ਦਾ ਡੋਰਾ ਹੋਰ ਉਭਰ ਆਉਂਦਾ ਹੈ
ਮਨੁੱਖ ਨੂੰ ਆਪਣਾ ਆਪਾ
ਭਾਰ ਜਿਹਾ ਲਗਦਾ ਹੈ

ਉਹ ਕਈ ਅਣਦਿਸਦੀਆਂ
ਜ਼ੰਜੀਰਾਂ 'ਚ ਜਕੜਿਆ ਜਾਂਦਾ ਹੈ।
ਸੇਵਾ-ਮੁਕਤੀ ਪਿੱਛੋਂ
ਤੋਤਲੀਆਂ ਜੀਭਾਂ ਵਾਲੇ ਵੀ
ਉਸਦੇ ਮਾਲਕ ਬਣ ਜਾਂਦੇ ਹਨ
ਨਿਆਣਿਆਂ ਦੇ ਖਿਡਾਉਣੇ
ਵਧੇਰੇ ਟੁੱਟਣ ਲਗਦੇ ਨੇ।

ਮਨੁੱਖ
ਸੇਵਾ-ਮੁਕਤੀ ਪਿੱਛੋਂ ਵੀ
ਸੇਵਾ-ਮੁਕਤ ਨਹੀਂ ਹੁੰਦੇ
ਇਹ ਮੁਕਤੀ ਤਾਂ ਸ਼ਾਇਦ
ਸਿਵਿਆਂ ਦੇ ਦਰ 'ਚ ਹੀ ਹੁੰਦੀ ਹੈ
ਉਸ ਨਿਘਰਿਆਂ ਦੇ
ਘਰ 'ਚ ਹੀ ਹੁੰਦੀ ਹੈ।

# ਖ਼ੁਸ਼ਬੂ ਦੀ ਲਹਿਰ

ਇਹ ਕਵਿਤਾ ਹੀ ਹੈ
ਜੋ ਅਸੰਖਾਂ ਰੰਗ-ਰੂਪ ਬਦਲਦੀ ਹੈ
ਇਹ ਕਵਿਤਾ ਹੀ ਹੈ
ਜੋ ਅੰਬਰ ਦੀ ਕੈਨਵਸ 'ਤੇ
ਇਕ ਮੂਰਤ ਵਾਂਗ ਉਭਰਦੀ ਹੈ।

ਵੇਦਾਂ ਤੋਂ ਲੈ ਕੇ ਪੁਲਾੜ ਦੀਆਂ ਖੋਜਾਂ ਤੱਕ
ਬੀਜ ਦੇ ਪੁੰਗਰਣ ਤੋਂ ਰੁੱਖ ਬਣਨ ਤੱਕ
ਸੂਰਜ ਦੇ ਚੜ੍ਹਨ ਤੋਂ ਡੁੱਬਣ ਤੱਕ
ਧੁੱਪਾਂ-ਛਾਵਾਂ ਦੇ ਢਲਣ ਤੱਕ
ਉਡੀਕਾਂ 'ਚ ਦੀਵੇ ਜਗਣ ਤੱਕ
ਜੋ ਕੁਝ ਵੀ ਵਾਪਰਦਾ ਹੈ
ਕਵਿਤਾ ਦੀ ਕੁੱਖ 'ਚੋਂ ਉਪਜਦਾ ਹੈ।

ਬੱਚੇ ਦੀ ਪਹਿਲੀ ਕਿਲਕਾਰੀ
ਜੋਬਨ ਦੀ ਅੰਗੜਾਈ
ਬੁਢਾਪੇ ਦੀ ਦਹਿਲੀਜ਼ 'ਤੇ ਪੈਰ ਧਰਨਾ
ਰੁੱਖਾਂ ਦਾ ਚਿਤਾ ਬਣਨਾ
ਬੰਦੇ ਦਾ ਮਿੱਟੀ 'ਚ ਰਲਣਾ ਫਿਰ ਵਿਗਸਣਾ
ਕਵਿਤਾ ਦਾ ਆਦਿ-ਜੁਗਾਦੀ
ਸੰਗੀਤਮਈ ਸੱਚ ਹੀ ਤਾਂ ਹੈ।

ਅਸਮਾਨ 'ਚ ਤਾਰਿਆਂ ਦਾ ਲੁਕਣਮੀਟੀ ਖੇਡਣਾ
ਗ੍ਰਿਹਾਂ ਦੀ ਇਕ ਦੂਜੇ ਦੀ ਪਰਕਰਮਾ ਕਰਨਾ
ਸਭ ਗਰਦਿਸ਼ਾਂ ਚੀਰ ਕੇ
ਮਨੁੱਖ ਦਾ ਚੰਨ ਨੂੰ ਚੁੰਮਣਾ
ਕਵਿਤਾ ਦੀ ਉਹ ਸਤਰੰਗੀ ਪੀਂਘ ਹਨ
ਜਿੱਥੇ ਕਹਿਕਸ਼ਾਵਾਂ ਝੂਟਦੀਆਂ ਹਨ।

ਬੱਦਲਾਂ ਦਾ ਵਰਨਾ
ਪਾਣੀ ਦਾ ਧਰਤੀ ਨੂੰ ਸਿੰਝਣਾ
ਕਪਾਹਾਂ ਦਾ ਹੱਸਣਾ
ਪੰਛੀਆਂ ਦਾ ਚਹਿ ਚਹਾਉਣਾ
ਬਰਫਾਂ ਦਾ ਖੁਰ ਕੇ ਦਰਿਆ ਬਣਨਾ
ਦਰਿਆਵਾਂ ਦਾ ਬਿਫਰਨਾ
ਕੰਢਿਆਂ ਨੂੰ ਢਾਹ ਕੇ
ਤਬਾਹੀ ਦੀ ਹੱਦ ਤੱਕ ਖਿੱਲਰ ਜਾਣਾ
ਕਵਿਤਾ ਦੇ ਜਗਦੇ-ਬੁਝਦੇ ਪਰਛਾਵੇਂ ਹਨ।

ਕਵਿਤਾ ਅਣਗਿਣਤ ਰੂਪ ਬਦਲਦੀ ਹੈ
ਕਦੀ ਲੋਰੀ ਦਿੰਦੀ ਹੈ/ ਕਦੀ ਵੈਣ ਪਾਉਂਦੀ ਹੈ
ਕਵਿਤਾ ਰੁਆਉਂਦੀ ਵੀ ਹੈ/ ਹਸਾਉਂਦੀ ਵੀ ਹੈ/ ਡਰਾਉਂਦੀ ਵੀ ਹੈ
ਇਹ ਕਵਿਤਾ ਹੈ
ਜੋ ਬੰਦੇ ਨੂੰ ਜਿਊਣਾ ਸਿਖਾਉਂਦੀ ਹੈ
ਕਵਿਤਾ ਬੰਦੇ ਨੂੰ ਰੱਬ ਬਣਾਉਂਦੀ ਹੈ
ਕਵਿਤਾ ਤਾਂ ਕਈ-ਕਈ ਰੂਪ ਬਦਲਦੀ ਹੈ
ਕਵਿਤਾ ਹੈ, ਤਾਂ ਮੱਥੇ 'ਚ ਜੋਤ ਜਗਦੀ ਹੈ
ਕਾਇਨਾਤ 'ਚ ਖ਼ੁਸ਼ਬੂ ਦੀ
ਲਹਿਰ ਮਚਲਦੀ ਹੈ।

# ਸ਼ਬਦ

ਸ਼ਬਦ—
ਨਿਖੰਭੇ ਪੰਖੇਰੂ
ਜਿੱਥੇ ਵੀ ਜਾਣ
ਅਪਣੇ ਅਰਥ ਬਦਲ ਲੈਣ
ਤੇ ਲੋਕ ਮਨਾਂ ਵਿਚ ਇਵੇਂ ਵਸ ਜਾਣ
ਜਿਵੇਂ ਫੁੱਲਾਂ ਵਿਚ ਖ਼ੁਸ਼ਬੂ
ਤੇ ਅੱਖਾਂ ਵਿਚ ਨਮੀ।

ਸ਼ਬਦ—
ਧੀਰਜਵਾਨ ਸੈਲਾਨੀਆਂ ਵਾਂਗ
ਧਰਤੀਆਂ/ਸਮੁੰਦਰਾਂ ਤੇ ਅੰਬਰਾਂ ਨੂੰ ਗਾਹੁੰਦੇ
ਨਵੇਂ ਦਿਸਹੱਦੇ ਤਲਾਸ਼ਦੇ
ਇਬਨੇਬਤੂਤਾ, ਹਿਊਨਸਾਂਗ ਤੇ ਵਾਸਕੋਡੀਗਾਮਾ ਵਾਂਗ
ਇਤਿਹਾਸ ਦੀਆਂ ਪੈੜਾਂ ਭਾਲਦੇ
ਇਤਿਹਾਸ ਬਣ ਜਾਣ।

ਸ਼ਬਦ—
ਸੁਕਰਾਤ ਦੇ ਹੱਥ ਆਉਣ
ਫ਼ਲਸਫ਼ਾ ਬਣ ਜਾਣ
ਈਸਾ ਦੇ ਮੱਥੇ 'ਚ ਉੱਗਣ ਤਾਂ ਸੱਚ ਲਈ ਸੂਲੀ ਚੁੰਮਣ।

ਸ਼ਬਦ—
ਜਦ ਪੁੰਗਰਣ /ਵਿਗਸਣ
ਤਾਂ ਕੁਦਰਤ ਦੇ ਭੇਦ ਖੁੱਲਣ
ਮਨੁੱਖ ਆਕਾਸ਼ 'ਚ ਉਡਾਰੀਆਂ ਲਾਉਣ
ਸਮੁੰਦਰ 'ਚ ਤਾਰੀਆਂ ਲਾਉਣ।

ਸ਼ਬਦ—
ਜਦ ਨਾਨਕ ਜਾਂ ਕਬੀਰ ਦੇ ਨਾਲ ਤੁਰਨ
ਤਾਂ 'ਧੁਰ ਕੀ ਬਾਣੀ' ਬਣਨ
ਕੂੜ ਵਿਰੁਧ ਬਗ਼ਾਵਤ ਕਰਨ
ਬਾਦਸ਼ਾਹੀਆਂ ਕੰਬਣ
ਮਰਦਾਨੇ ਦੀ ਰਬਾਬ 'ਤੇ ਕਾਇਨਾਤ ਝੂੰਮੇ
ਕਿਰਤ ਦੇ ਹੱਥਾਂ ਵਿੱਚੋਂ ਦੁੱਧ ਚੋਵੇਂ
ਪੱਥਰਾਂ ਚੋਂ ਪਾਣੀ ਸਿੰਮੇ
ਤੇ ਹੋਰ ਵੀ ਕ੍ਰਿਸ਼ਮਾ ਹੋਵੇ।

ਸ਼ਬਦ—
ਪਿਕਾਸੋ ਦੇ ਪੋਟਿਆਂ ਨੂੰ ਛੂਹਣ
ਤਾਂ ਚਿਤਰ ਬਣਨ
ਮਾਈਕਲ ਐਂਜਲੋ ਦੇ ਬਗਲਬਗੀਰ ਹੋਣ
ਤਾਂ ਜਾਗਦੇ ਬੁੱਤ ਬਣਨ।

ਸ਼ਬਦ—
ਗਭਰੂਆਂ ਨਾਲ ਨੱਚਣ
ਤਾਂ ਭੰਗੜਾ ਬਣੇ
ਮੁਟਿਆਰਾਂ ਨਾਲ ਅਠਖੇਲੀਆਂ ਕਰਨ
ਤਾਂ ਗਿੱਧਾ ਬਣੇ।

ਸ਼ਬਦ ਹੀ ਰਾਂਝੇ ਦੀ ਵੰਝਲੀ ਦੀ ਤਾਨ ਬਣਨ
ਸ਼ਬਦ ਹੀ
ਯਾਰੜੇ ਦੇ ਸੱਥਰ ਤੇ ਸੋਣ।

ਸ਼ਬਦ—
ਰੁੱਖਾਂ ਵਾਂਗ ਸਮਾਧੀ 'ਚ ਖੜੇ ਵੀ
ਧੁੱਪਾਂ-ਛਾਂਵਾਂ ਵਾਂਗ
ਕਾਇਨਾਤ ਵਿਚ ਫੈਲ ਜਾਣ।
ਇਹ ਵੱਢੇ ਜਾਣ
ਤਾਂ ਵੀ ਸੀਅ ਨਹੀਂ ਕਰਦੇ
ਅਸੰਖਾਂ ਦਰਦ ਪੀਂਦੇ
ਅਸੰਖਾਂ ਦਰਦ ਜਰਦੇ।

ਯਾ ਖ਼ੁਦਾ!
ਹਮੇਸ਼ਾ ਸ਼ਬਦਾਂ ਦਾ
ਆਸਰਾ ਮਿਲਦਾ ਰਹੇ
ਹਮੇਸ਼ਾ ਸ਼ਬਦਾਂ ਦੀ ਛਾਂ ਮਿਲਦੀ ਰਹੇ
ਹਮੇਸ਼ਾਂ ਸ਼ਬਦਾਂ ਦਾ ਵਰਦਾਨ ਮਿਲਦਾ ਰਹੇ
ਯਾ ਖ਼ੁਦਾ!
ਸ਼ਬਦ ਕਦੀ ਨਾ ਰੁੱਸਣ
ਸ਼ਬਦਾਂ ਦੇ ਸਰਾਪ ਤੋਂ ਬਚਾਈਂ
ਇਕ ਲੰਬੇ ਸੰਤਾਪ ਤੋਂ ਬਚਾਈਂ।

ਸ਼ਬਦ ਤਾਂ ਜ਼ਿੰਦਗੀ ਦਾ ਸੰਚਾਰ ਹੁੰਦੇ ਨੇ।
ਸ਼ਬਦ ਤਾਂ ਜ਼ਿੰਦਗੀ ਦਾ ਸ਼ਿੰਗਾਰ ਹੁੰਦੇ ਨੇ।

# ਪੱਥਰ ਯੁੱਗ ਦਾ ਸਿਕੰਦਰ

ਸ਼ਾਇਦ ਇਹ ਉਹੀ ਦਾਨਿਸ਼ਵਰ ਹੈ
ਜੋ ਅੰਨ੍ਹਿਆਂ ਨੂੰ ਰਾਹ ਦਿਖਾਉਂਦਾ
ਆਪਣੀ ਵਿਚਾਰਧਾਰਾ ਦੇ
ਠੇਡੇ ਖਾ ਕੇ ਆਪ ਹੀ ਡਿਗਦਾ ਰਹਿੰਦਾ ਹੈ।

ਸ਼ਾਇਦ ਇਹ ਉਹੀ ਸੁਖ਼ਨਵਰ ਹੈ
ਜਿਸਦੇ ਸੁਖ਼ਨ ਇਸ ਦੀ ਸੋਚ ਨਾਲ
ਹੀ ਜ਼ਖ਼ਮੀ ਹੋ ਕੇ
ਉਜਲੀ ਸਵੇਰ ਨੂੰ ਦਾਗ਼ਦਾਰ ਕਰਦੇ ਹਨ।

ਸ਼ਾਇਹ ਇਹ ਉਹੀ ਅਕਲ-ਲਤੀਫ਼ ਹੈ
ਜੋ ਲਫ਼ਜ਼ਾਂ ਨੂੰ ਜੂਠੀ ਜੀਭ ਨਾਲ
ਜ਼ਹਿਰੀਲੇ ਤੀਰਾਂ ਵਿੱਚ ਬਦਲ ਦਿੰਦਾ ਹੈ।

ਆਪਣੀ ਹਉਮੈ ਦੇ ਜੰਗਲ ਵਿੱਚ ਭਟਕਦਾ
ਇਹ ਜ਼ਖ਼ਮੀ ਸੂਰਮਾ ਅਜੇ ਵੀ ਪਹੁ-ਫੁਟਾਲੇ ਤੋਂ ਡਰਦਾ ਹੈ।

ਮੈਂ ਚਾਹੁੰਦਾ ਹਾਂ
ਇਹ ਪੱਥਰ ਯੁੱਗ ਦਾ ਸਿਕੰਦਰ
ਵਾਪਸ ਆਪਣੇ ਦੇਸ ਜਾਂਦਾ
ਰਸਤੇ ਵਿੱਚ ਹੀ ਦਮ ਨਾ ਤੋੜ ਦੇਵੇ
ਰੱਬਾ! ਇਸ ਨੂੰ ਮੰਜ਼ਿਲ
ਜ਼ਰੂਰ ਨਸੀਬ ਹੋਵੇ
ਇਹ ਲੋਕ ਮਾਨਸ ਦੇ ਵੀ ਕਰੀਬ ਹੋਵੇ।

# ਤੁਸੀਂ ਇਸ ਤਰ੍ਹਾਂ ਆਉਣਾ

ਉਨ੍ਹਾਂ ਨੂੰ ਗਿਲਾ ਹੈ
ਮੈਂ ਉਨ੍ਹਾਂ ਨਾਲ ਘੁਲਦਾ-ਮਿਲਦਾ ਨਹੀਂ
ਮੈਨੂੰ ਅਹਿਸਾਸ ਹੈ
ਇਹ ਰਿਸ਼ਤਾ ਸਿਰਫ ਵਕਤੀ ਹੈ
ਮਿੱਟੀ ਦੇ ਮੋਹ ਜਿਹਾ ਨਹੀਂ
ਰੂਹ ਦਾ ਨਹੀਂ
ਦਿਲ ਦਾ ਨਹੀਂ।

ਜੇ ਧੁੰਨੀ 'ਚੋਂ ਖਿੜੇ ਕੰਵਲ ਵਰਗੀ
ਜਾਂ ਮੱਥੇ 'ਚ ਜਗੇ ਦੀਵੇ ਵਰਗੀ
ਕੋਈ ਸਾਂਝ ਹੁੰਦੀ
ਤਾਂ ਤੁਸੀਂ ਇਵੇਂ ਮਿਲਦੇ
ਜਿਵੇਂ ਰੁੱਖ ਵਿੱਚ ਹਰਿਆਵਲ
ਫੁੱਲ ਵਿੱਚ ਸੁਗੰਧ
ਪਰਾਂ ਵਿੱਚ ਪਰਵਾਜ਼
ਤੇ ਸਿਤਾਰ 'ਚੋਂ ਰਿਸਦਾ ਸੰਗੀਤ
ਪਰ ਤੁਸੀਂ ਜਦ ਵੀ ਮਿਲਦੇ ਹੋ
ਤਾਂ ਸ਼ਿਕਵਿਆਂ ਦੀ ਬਰਸਾਤ ਵਿੱਚ ਭਿੱਜੇ ਹੁੰਦੇ ਹੋ।
ਕਈ ਵਾਰ ਤਾਂ ਇਉਂ ਵੀ ਮਿਲਦੇ ਹੋ
ਜਿਵੇਂ ਕੋਈ ਆਪਣੇ ਦੁਸ਼ਮਣ ਨੂੰ
ਮਿੱਤਰ ਦੇ ਭੇਸ ਵਿੱਚ ਮਿਲਦਾ ਹੈ
ਭਲਾ ਅਜਿਹੇ ਵਾਤਾਵਰਨ 'ਚ
ਕਿਹੜਾ ਫੁੱਲ ਖਿਲਦਾ ਹੈ ?

ਦਿਲਾਂ ਵਿਚਕਾਰ
ਬਹੁਤ ਉੱਚੀਆਂ-ਉੱਚੀਆਂ
ਕੰਧਾਂ ਉਸਰ ਆਈਆਂ ਨੇ
ਅਜੇ ਵੀ ਰਸਤੇ 'ਚ
ਬਹੁਤ ਸਾਰੀਆਂ ਖਾਈਆਂ ਨੇ।

ਸਿਰਫ਼ ਜਜ਼ਬਾਤੀ ਹੰਝੂਆਂ ਨਾਲ
ਕਦ ਦਿਲਾਂ ਦੀ ਮੈਲ ਰੁੜ੍ਹਦੀ ਹੈ ?
ਲੋਕ-ਗੀਤ ਵਾਂਗ
ਖ਼ੂਨ 'ਚ ਰਚਿਆਂ ਬਿਨਾਂ
ਕਦ ਪੱਤਣਾਂ 'ਤੇ ਭੀੜ ਜੁੜਦੀ ਹੈ ?
ਤੁਸੀਂ ਯਕੀਨ ਕਰੋ
ਜੇ ਕੱਟੜਤਾ ਦਾ ਲਿਬਾਸ
ਉਤਾਰ ਕੇ ਆਓ
ਤਾਂ ਮੈਂ ਤੁਹਾਡੇ 'ਚ
ਇਵੇਂ ਸਮਾਅ ਜਾਵਾਂਗਾ :
ਜਿਵੇਂ ਬੰਸਰੀ 'ਚ ਤਾਨ
ਜਿਵੇਂ ਬੀਜ ਵਿੱਚ ਰੁੱਖ
ਜਿਵੇਂ ਪਾਣੀ ਵਿੱਚ ਤਰਲਤਾ
ਜਿਵੇਂ ਅੱਖ ਵਿੱਚ ਹੰਝੂ
ਜਿਵੇਂ ਹਉਕੇ ਵਿੱਚ ਸੇਕ
ਜਿਵੇਂ ਮਹਿਬੂਬ ਦੇ ਬੁੱਲ੍ਹਾਂ ਵਿੱਚ ਮਿਠਾਸ
ਜਿਵੇਂ ਢੋਲ ਵਿੱਚ ਤਾਲ
ਜਿਵੇਂ ਝਾਂਜਰਾਂ ਵਿੱਚ ਛਣਛਣ
ਜਿਵੇਂ ਗਰਭ ਵਿੱਚ ਬਾਲ
ਤੇ ਚਸ਼ਮੇਂ ਵਿੱਚ ਸੰਗੀਤ।

ਤੁਸੀਂ ਤਾਂ ਜਾਣਦੇ ਹੋ
ਅਸੀਂ ਤਾਂ ਮਾਣ ਹੁੰਦਿਆਂ ਵੀ
ਨਿਮਾਣੇ ਹੋ ਗਏ ਹਾਂ
ਤੇ ਸਿਆਸਤ ਦੇ ਭਾਰ ਹੇਠਾਂ
ਨਿਤਾਣੇ ਹੋ ਗਏ ਹਾਂ।

ਤੁਸੀਂ ਪਰਿੰਦਿਆਂ ਵਾਂਗ
ਭਾਵੇਂ ਕਿਤਿਓਂ ਵੀ ਹਿਜਰਤ ਕਰਕੇ ਆਓ
ਮੇਰੇ ਦਿਲ ਦੇ ਪੱਤਣਾਂ 'ਤੇ
ਤੁਹਾਡਾ ਸੁਆਗਤ ਹੈ
ਤੁਸੀਂ ਆਪਣੇ ਖੰਭਾਂ 'ਤੇ
ਮੁਹੱਬਤ ਦੀ ਇਬਾਰਤ ਲੈ ਕੇ ਆਉਣਾ
ਤੁਸੀਂ ਆਪਣੀਆਂ ਚੁੰਝਾਂ 'ਚ
ਸਾਂਝਾਂ ਦਾ ਪੈਗ਼ਾਮ ਲਿਆਉਣਾ
ਤੁਸੀਂ ਇਸ ਤਰ੍ਹਾਂ ਆਉਣਾ
ਜਿਵੇਂ ਸ਼ਾਖ਼ 'ਤੇ ਬੇਅਵਾਜ਼
ਅੰਕੁਰ ਫੁੱਟਦਾ ਹੈ
ਜਿਵੇਂ ਫੁੱਲ ਵਿੱਚ ਮਹਿਕ ਭਰ ਜਾਂਦੀ ਹੈ।
ਜਿਵੇਂ ਮਹਿਕ ਦਾ
ਕੋਈ ਧਰਮ ਨਹੀਂ ਹੁੰਦਾ
ਤੁਸੀਂ ਵੀ ਇਸ ਤਰ੍ਹਾਂ ਆਉਣਾ
ਤੁਹਾਡਾ ਸਤਿਕਾਰ ਹੋਵੇਗਾ
ਤੁਹਾਡਾ ਸਤਿਕਾਰ ਹੋਵੇਗਾ।

# ਮੌਤ ਨੇ ਸ਼ਾਇਰ ਨੂੰ ਕਿਹਾ

ਅੱਜ ਫਿਰ ਮੌਤ ਮੇਰੇ ਬੂਹੇ 'ਤੇ
ਦਸਤਕ ਦੇ ਕੇ ਪਰਤਣ ਵੇਲੇ
ਆਖਣ ਲੱਗੀ : ਜਾਹ ਮੈਂ ਤੈਨੂੰ
ਕੁਝ ਕੁ ਮੁਹਲਤ ਹੋਰ ਹਾਂ ਦਿੰਦੀ
ਹੋਰ ਕੁਝ ਚੰਗੀਆਂ ਨਜ਼ਮਾਂ ਲਿਖ ਲੈ
ਫਿਰ ਨ ਆਖੀਂ : ਕਿਸੇ ਨੇ ਅਜ ਤਕ
ਮੇਰੇ ਨਾਲ ਲਿਹਾਜ਼ ਨਹੀਂ ਕੀਤਾ।

ਫਿਰ ਮੈਂ ਮੌਤ ਨੂੰ 'ਵਾਜ਼ ਮਾਰ ਕੇ
ਬੜੀ ਨਿਮਰਤਾ ਨਾਲ ਆਖਿਆ :
ਰੋਜ਼ ਹੀ ਮੇਰੇ ਕੋਲ ਤੂੰ ਆਵੇਂ
ਮੇਰੀਆਂ ਨਜ਼ਮਾਂ ਸੁਣਨੀਆਂ ਚਾਹਵੇਂ
ਸਾਰੀ-ਸਾਰੀ ਰਾਤ ਜਗਾਵੇਂ
ਹੰਝੂਆਂ ਦੇ ਵਿਚ ਰੋਜ਼ ਨੁਹਾਵੇਂ
ਆਪਣੇ ਹੱਥੀਂ ਗੀਤ ਲਿਖਾਵੇਂ
ਤਲੀਆਂ 'ਤੇ ਅੰਗਾਰ ਧਰੇਂ ਤੂੰ
ਹਿੱਕ ਉੱਤੇ ਤਲਵਾਰ ਧਰੇਂ ਤੂੰ
ਅੱਗ ਦੀਆਂ ਕਣੀਆਂ ਵਾਂਗ ਵਰ੍ਹੇਂ ਤੂੰ।

ਅਕਸਰ ਮੇਰੇ ਨਾਲ ਤੂੰ ਐਦਾਂ
ਰਹਿੰਦ ਨੀ ਏਂ ਪਰਛਾਵੇਂ ਵਾਂਗੂੰ
ਜਿੱਦਾਂ ਬੱਚਾ ਮਾਂ ਦੀ ਉਂਗਲ
ਫੜ ਕੇ ਅੱਗੇ-ਪਿੱਛੇ ਤੁਰਦਾ।

ਮੇਰਾ ਤਾਂ ਬਸ ਇਹੀ ਤਜਰਬਾ
'ਮੌਤ ਜਦ ਸ਼ਾਇਰ ਦੇ ਕੋਲੋਂ
ਪੋਟਾ ਭਰ ਦੀ ਵਿਥ 'ਤੇ ਰਹੇ ਤਾਂ
ਉਸ ਤੋਂ ਵੱਡੀ ਨਜ਼ਮ ਕੀ ਹੋਊ ?'

ਮੌਤ ਫਿਰ ਖਿੜ-ਖਿੜਾ ਕੇ ਹੱਸੀ
ਅਲੋਪ ਹੋਣ ਤੋਂ ਪਹਿਲਾਂ ਬੋਲੀ :
ਅਸਲੀ ਰਮਜ਼ ਪਛਾਣ ਲਈ ਤੂੰ
ਖ਼ੂਬ ਹਕੀਕਤ ਜਾਣ ਲਈ ਤੂੰ
ਹੁਣ ਮੈਂ ਛੇਤੀ ਹੀ ਪਰਤਾਂਗੀ
ਪਹਿਲੇ ਕੰਮ ਮੁਕਾ ਆਵਾਂ ਮੈਂ
ਫਿਰ ਮੈਂ ਤੇਰੀ ਨਜ਼ਮ ਸੁਣਾਂਗੀ।

# ਬਿਰਖ ਨੂੰ ਭਰੋਸਾ ਹੈ

ਪਤਝੜ ਦਾ ਮੌਸਮ ਹੈ
ਪੁਰਾਣੇ ਪੱਤੇ ਝੜ ਰਹੇ ਹਨ
ਬਿਰਖ ਨੰਗਾ ਹੋ ਜਾਂਦਾ ਹੈ।
ਨੰਗਾ ਬਿਰਖ
ਉਦਾਸ ਨਹੀਂ ਹੁੰਦਾ/ਦੁਖੀ ਨਹੀਂ ਹੁੰਦਾ/ਬੇਆਸ ਨਹੀਂ ਹੁੰਦਾ
ਉਹ ਸ਼ਾਂਤ-ਚਿਤ ਸਮਾਧੀ 'ਚ ਰਹਿੰਦਾ ਹੈ।

ਬਿਰਖ ਨੂੰ ਭਰੋਸਾ ਹੈ
ਬਸੰਤ ਆਉਣ 'ਤੇ
ਫਿਰ ਅੰਕੁਰ ਨਿਕਲਣਗੇ
ਫਿਰ ਨਵੇਂ ਪੱਤੇ ਤੇ ਫੁੱਲ ਖਿੜਨਗੇ।

ਬਿਰਖ ਜਾਣਦਾ ਹੈ
ਨਗਨਤਾ 'ਚ ਵੀ ਇਕ ਕੱਜਣ ਹੈ
ਇਕ ਸੁਹੱਪਣ ਹੈ
ਨਗਨਤਾ 'ਚ ਵੀ
ਉਸ ਦਾ ਵਿਅਕਤੀਤਵ ਕਾਇਮ ਹੈ।
ਬਿਰਖ ਜਾਣਦਾ ਹੈ ਨਗਨਤਾ ਦੀ ਵੀ ਇਕ ਤਹਿਜ਼ੀਬ ਹੁੰਦੀ ਹੈ
ਕੱਜਣ ਵਰਗੀ ਨਗਨਤਾ
ਵਿਰਲਿਆਂ ਨੂੰ ਨਸੀਬ ਹੁੰਦੀ ਹੈ।

# ਹੰਝੂ

ਜਿੱਥੇ ਹੰਝੂ ਨੇ ਉਥੇ ਬੋਲ ਖਲੋ ਨਹੀਂ ਸਕਦੇ।
ਕਿ ਬੋਲ ਹੰਝੂਆਂ ਤੋਂ ਪਵਿੱਤਰ ਹੋ ਨਹੀਂ ਸਕਦੇ।

ਹੰਝੂ ਮਸਤਕ ਨਹੀਂ ਦਿਲ ਦੀ ਆਵਾਜ਼ ਹੁੰਦੇ ਨੇ।
ਹੰਝੂ ਤਾਂ ਅੰਬਰਾਂ ਤੱਕ ਜਾਂਦੀ ਪਰਵਾਜ਼ ਹੁੰਦੇ ਨੇ।

ਹੰਝੂ ਧਰਤੀ ਦੇ ਹਉਕੇ ਦਾ ਰੂਪ ਧਾਰ ਲੈਂਦੇ ਨੇ।
ਹੰਝੂ ਸਿਤਾਰਿਆਂ ਤੋਂ ਉੱਚੀ ਉਡਾਰੀ ਮਾਰ ਲੈਂਦੇ ਨੇ।

ਹੰਝੂ ਈਸਾ ਦੇ ਨੈਣੀਂ ਵੀ ਜ਼ਰੂਰ ਆਏ ਹੋਣੇ ਨੇ।
ਲਿਬਾਸ ਹੰਝੂਆਂ ਦੇ ਸੁਕਰਾਤ ਨੇ ਵੀ ਹੰਢਾਏ ਹੋਣੇ ਨੇ।

ਹੰਝੂ ਤਾਂ ਸੂਲੀ 'ਤੇ ਵੀ ਮੁਸਕਰਾਉਂਦਾ ਰਿਹਾ ਹੈ।
ਹੰਝੂ ਜ਼ਮਾਨੇ ਨੂੰ ਸੱਚ ਹੀ ਸੁਣਾਉਂਦਾ ਰਿਹਾ ਹੈ।

ਹੰਝੂ, ਕਮਜ਼ਰਫ਼ ਦੀ ਅੱਖ 'ਚ ਕਦ ਆਉਂਦਾ ਹੈ ?
ਦਾਨਸ਼ਵਰ ਦਾ ਹੰਝੂ ਖ਼ੁਸ਼ਬੂ ਲੁਟਾਉਂਦਾ ਹੈ।

ਹੰਝੂ, ਸ਼ਲੋਕਾਂ ਦਾ ਸਾਰ ਹੀ ਤਾਂ ਹੁੰਦੇ ਨੇ।
ਦੁੱਖਾਂ 'ਚ ਹੰਝੂ ਪਰਵਰਦਿਗਾਰ ਹੀ ਤਾਂ ਹੁੰਦੇ ਨੇ।

ਇਹ ਦਰਿਆ, ਸਾਗਰ, ਹੰਝੂਆਂ ਦਾ ਰੂਪ ਹੀ ਤਾਂ ਹਨ।
ਹੰਝੂ, ਇਸ ਬ੍ਰਹਿਮੰਡ ਦਾ ਸਰੂਪ ਹੀ ਤਾਂ ਹਨ।



## ਸ਼ੁਕਰਗੁਜ਼ਾਰੀ

ਫੁੱਲਾਂ ਨੂੰ
ਮਹਿਕਾਉਣ ਲਈ
ਰੁੱਖਾਂ ਨੂੰ
ਹਰਿਆਵਲ ਬਖ਼ਸ਼ਣ ਲਈ
ਨਦੀਆਂ ਨੂੰ ਚੰਚਲਤਾ
ਹਵਾ ਨੂੰ, ਰਵਾਨੀ
ਧੁੱਪ ਨੂੰ, ਨਿੱਘ ਅਤੇ
ਝਰਨਿਆਂ ਨੂੰ
ਸੰਗੀਤ ਬਖ਼ਸ਼ਣ ਲਈ
ਤੇਰਾ ਸ਼ੁਕਰੀਆ
ਇਹ ਸਭ ਕੁਝ
ਤੂੰ ਮੈਨੂੰ ਹੀ ਤਾਂ ਬਖ਼ਸ਼ਿਆ ਹੈ
ਤੇਰਾ ਹੋਰ ਵੀ ਸ਼ੁਕਰੀਆ।

## ਬੁਝਾਰਤ



ਦਰਦ ਦੀ ਤਸਵੀਰ ਬਣਾਈ
ਤੇ ਫਿਰ ਕੰਧ ਉੱਤੇ ਮੈਂ ਲਾ ਦਿੱਤੀ।
ਰੱਬ ਵਰਗੇ ਚਿੱਤਰਕਾਰ ਲਈ
ਮੈਂ ਨਵੀਂ ਬੁਝਾਰਤ ਪਾ ਦਿੱਤੀ।

# ਮੋਹ ਦਾ ਰਿਸ਼ਤਾ

ਮੈਂ ਜਜ਼ਬਾਤ ਨਾਲ
ਭਰਿਆ, ਛਲਕਦਾ ਸਮੁੰਦਰ
ਜਦ ਵੀ ਤੈਨੂੰ ਮਿਲਣ ਆਇਆ
ਰੇਗਿਸਤਾਨ ਬਣ ਕੇ ਹੀ ਪਰਤਿਆ।

ਮੈਂ ਹਵਾਵਾਂ 'ਚ ਉੱਡ ਕੇ
ਤੇਰੇ ਦਰ 'ਤੇ ਪੁੱਜਾ
ਹਮੇਸ਼ਾ ਖੰਭ ਕਟਾ ਕੇ ਹੀ ਮੁੜਿਆ।

ਸੁਨਹਿਰੀ ਸੁਪਨਿਆਂ ਦਾ ਅਹਿਸਾਸ
ਲੈ ਕੇ ਆਏ ਨੂੰ
ਹਰ ਵਾਰ
ਸੁਪਨਿਆਂ ਦੀਆਂ ਲਾਸ਼ਾਂ ਨੂੰ
ਗਲ਼ ਲਾਉਣਾ ਪਿਆ
ਹਰ ਰਾਤ
ਆਪਣੀ ਜ਼ਖ਼ਮੀ ਹੋਂਦ ਨੂੰ
ਰੋ ਰੋ ਕੇ ਚੁੱਪ ਕਰਾਉਣਾ ਪਿਆ।

ਹਰ ਵਾਰ ਸੋਚਦਾ ਹਾਂ :
ਤੇਰੀ ਜੂਹ 'ਤੇ ਹੁਣ
ਮੇਰਾ ਰੱਖਿਆ ਹੀ ਕੀ ਹੈ ?
ਹਰ ਵਾਰ ਫਿਰ ਆ ਜਾਂਦਾ ਹਾਂ
ਦਿਲਾ ! ਤੂੰ ਅਜੇ ਤੱਕਿਆ ਹੀ ਕੀ ਹੈ ?



# ਅਮਰੀਕ ਸਿਆਂ

ਮੋਇਆਂ ਪਿੱਛੋਂ ਲੋਕ ਬੜਾ ਕੁਝ
ਆਖਣਗੇ ਅਮਰੀਕ ਸਿਆਂ।
ਗ਼ਮ ਨਾ ਕਰ ਕੁਝ ਪੂਜਣਗੇ
ਕੁਝ ਨਿੰਦਣਗੇ ਅਮਰੀਕ ਸਿਆਂ।

ਜੁਗਨੂੰ ਰੋਵਣਗੇ ਤਾਰੇ ਵੀ
ਟੁੱਟਣਗੇ ਅਮਰੀਕ ਸਿਆਂ।
ਪੌਣ ਭਰੂ ਗੀ ਹਉਕੇ ਤੇ ਰੁੱਖ
ਸੁਲਗਣਗੇ ਅਮਰੀਕ ਸਿਆਂ।

ਪੱਥਰ ਕਿੱਦਾਂ ਮੋਮ ਹੈ ਬਣਦਾ
ਵਕਤ ਕਿਵੇਂ ਰੁਕ ਜਾਂਦਾ ਹੈ
ਐਦਾਂ ਦਾ ਮੰਜ਼ਰ ਵੀ ਲੋਕੀਂ
ਦੇਖਣਗੇ ਅਮਰੀਕ ਸਿਆਂ।

ਸਿਵਿਆਂ ਵਾਲੀ ਬੋਹੜ 'ਚੋਂ
ਹੌਲੀ-ਹੌਲੀ ਸੇਕ ਵੀ ਸਿੰਮੇ ਗਾ
ਪੱਤਿਆਂ ਦੀ ਰਗ-ਰਗ ਵਿਚ
ਹੰਝੂ ਲਿਸ਼ਕਣਗੇ ਅਮਰੀਕ ਸਿਆਂ।

ਦੂਰ-ਦੂਰ ਤਕ ਕੂਲਾਂ ਦਾ
ਪਾਣੀ ਕੋਸਾ ਹੋ ਜਾਏ ਗਾ
ਉਡਦੇ ਪੰਛੀ ਸੀਤਲ ਜਲ ਨੂੰ
ਤਰਸਣਗੇ ਅਮਰੀਕ ਸਿਆਂ।

ਯਾਦ ਤੇਰੀ ਦੀ ਪੈਛੜ ਆਊ
ਰਾਤ-ਬਰਾਤੇ ਗਲੀਆਂ 'ਚੋਂ
ਦਰਦ ਜਿਹਨਾਂ ਦੇ ਦਿਲ ਵਿਚ ਹੈ
ਉਹ ਜਾਗਣਗੇ ਅਮਰੀਕ ਸਿਆਂ।

ਵਾਵਰੋਲੇ ਦਰਦਾਂ ਦੇ ਜਦ
ਅੰਬਰ ਵਿਚ ਸੱਲ ਪਾਵਣਗੇ
ਭਟਕਦੀਆਂ ਰੂਹਾਂ ਦੇ ਟੋਲੇ
ਡੁਸਕਣਗੇ ਅਮਰੀਕ ਸਿਆਂ।

ਗ਼ਮ ਦੇ ਬੁਰਕੇ ਪਹਿਣ ਕੇ ਕਿਰਨਾਂ
ਜਦੋਂ ਮੁਕਾਣੀ ਆਊਣਗੀਆਂ
ਸਿਵਿਆਂ ਅੰਦਰ ਓਦੋਂ ਮੇਲੇ
ਲੱਗਣਗੇ ਅਮਰੀਕ ਸਿਆਂ।

ਚਾਰ ਦਿਨਾਂ ਦੇ ਪਿੱਛੋਂ ਲੋਕੀਂ,
ਸਾਰਾ ਕੁਝ ਭੁੱਲ ਜਾਂਦੇ ਨੇ
ਦੇਰ ਤੀਕ ਪਰ ਨਗ਼ਮੇ ਤੇਰੇ,
ਗੂੰਜਣਗੇ ਅਮਰੀਕ ਸਿਆਂ।

ਆਲ੍ਹਣਿਆਂ ਨੂੰ ਨਾ ਸਾੜੋ
ਨਾ ਜਾਲ ਵਿਛਾਓ ਥਾਂ-ਥਾਂ ’ਤੇ
ਪੰਛੀ ਉਡਣੇ ਸੱਪਾਂ ਵਾਂਗੂੰ
ਡੰਗਣਗੇ ਅਮਰੀਕ ਸਿਆਂ।

ਕੌਣ ਸੀ ਉਹ ਬੇਨਾਮ ਤੇ ਬੇਘਰ,
ਬੇਵਤਨਾ, ਉਪਰਾਮ ਜਿਹਾ
ਅਗਲੀ ਨਸਲ ਦੇ ਲੋਕੀਂ ਅਕਸਰ
ਪੁੱਛਣਗੇ ਅਮਰੀਕ ਸਿਆਂ।

# ਗੀਤ...



# ਪਹਿਲਾਂ ਵੰਡ ਲਈ ਜ਼ਮੀਨ

ਪਹਿਲਾਂ ਵੰਡ ਲਈ ਜ਼ਮੀਨ
ਫੇਰ ਪਾਣੀ ਵੰਡ ਲਏ
ਹੁਣ ਧੁੱਪਾਂ ਅਤੇ ਛਾਵਾਂ ਨੂੰ ਵੀ ਵੰਡ ਲੈਣਗੇ।
ਮੇਰੇ ਮਾਲਕਾ ਬਚਾ
ਇਹਨਾਂ ਆਗੂਆਂ ਦੇ ਕੋਲੋਂ
ਇਹ ਤਾਂ ਧੀਆਂ, ਭੈਣਾਂ, ਮਾਵਾਂ ਨੂੰ ਵੀ ਵੰਡ ਲੈਣਗੇ ?

ਇਕ ਜਿਸਮ ਦੇ ਵੱਖ-ਵੱਖ ਅੰਗ ਹੋ ਗਏ
ਵੱਖ-ਵੱਖ ਰੰਗ ਵਿੱਚ ਸਭ ਰੰਗ ਹੋ ਗਏ
ਇਹਨਾਂ ਨਵਿਆਂ ਕਸਾਈਆਂ
ਤੇਜ਼ ਛੁਰੀਆਂ ਚਲਾਈਆਂ
ਇਹ ਤਾਂ ਬੱਦਲਾਂ, ਹਵਾਵਾਂ ਨੂੰ ਵੀ ਵੰਡ ਲੈਣਗੇ।

ਨਿੱਤ ਕਹਿਣ ਇਹ ਤਾਂ ਪੰਛੀ ਨਹੀਂਓਂ ਸਾਡੇ ਵੱਲ ਦੇ
ਕਾਹਨੂੰ ਨਵੇਂ ਢੰਗ ਨਾਲ ਹੋ ਜਸੂਸ ਘੱਲ ਦੇ
ਪੈ ਗਏ ਨਵੇਂ ਹੀ ਭੁਲੇਖੇ
ਕਦੇ ਸੁਣੇ ਨਾ ਸੀ ਦੇਖੇ
ਇਹ ਤਾਂ ਚਿੜੀਆਂ ਤੇ ਕਾਵਾਂ ਨੂੰ ਵੀ ਵੰਡ ਲੈਣਗੇ।

ਮੈਂ ਕੀਹਦੇ ਵੱਲ ਜਾਵਾਂ ਤੇ ਮੈਂ ਕੀਹਦੇ ਵੱਲ ਹੋਵਾਂ
ਅਮਰੀਕ ਕਿਵੇਂ ਅੱਖਾਂ ਕੋਲੋਂ ਅੱਥਰੂ ਲਕੋਵਾਂ
ਇਹ ਜੋ ਚੰਨ ਤੇ ਸਿਤਾਰੇ
ਚੌਹੀਂ ਪਾਸੀਂ ਮੇਰੇ ਸਾਰੇ
ਕੀ ਇਹ ਸਭ ਮੇਰੇ ਚਾਵਾਂ ਨੂੰ ਵੀ ਵੰਡ ਲੈਣਗੇ ?

# ਤੇਰੇ ਘਰ ਨੂੰ ਸਲਾਮ

ਤੇਰੇ ਘਰ ਨੂੰ ਸਲਾਮ ਤੇਰੇ ਦਰ ਨੂੰ ਸਲਾਮ
ਤੇਰੇ ਪਿੰਡ ਕੋਲੋਂ ਅਸੀਂ ਕੋਹਾਂ ਦੂਰ ਚੱਲੇ ਹਾਂ।
ਤੈਨੂੰ ਦੱਸੀਏ ਕੀ ਗੱਲ, ਪੈਣ ਸੀਨੇ ਵਿੱਚ ਸੱਲ
ਅਸੀਂ ਦਿਲ ਕੋਲੋਂ ਹੋ ਕੇ ਮਜਬੂਰ ਚੱਲੇ ਹਾਂ।

ਸਾਨੂੰ ਗਲੀਆਂ ਦੇ ਕੱਖਾਂ ਤੋਂ ਵੀ ਹੌਲੇ ਕਰ ਕੇ
ਜੀਣਾ ਤੈਨੂੰ ਵੀ ਹੈ ਪੈਣਾ ਹਉਕੇ ਭਰ-ਭਰ ਕੇ
ਸਾਡੀ ਇਹੋ ਹੈ ਦੁਆ, ਰਹੇਂ ਖ਼ੁਸ਼ ਤੂੰ ਸਦਾ
ਅਸੀਂ ਲੈ ਕੇ ਡੂੰਘਾ ਦਿਲ 'ਚ ਨਸੂਰ ਚੱਲੇ ਹਾਂ।

ਤੈਨੂੰ ਦੱਸੀਏ ਕੀ ਸਾਡੇ ਨਾਲ ਕੀ-ਕੀ ਬੀਤੀਆਂ
ਕਦੀ ਸੂਲੀਆਂ 'ਤੇ ਚੜ੍ਹੇ ਕਦੀ ਜ਼ਹਿਰਾਂ ਪੀਤੀਆਂ
ਦੀਵੇ ਹੋਰਾਂ ਦੇ ਜਗਾ ਕੇ, ਅਸੀਂ ਰੌਸ਼ਨੀ ਫੈਲਾ ਕੇ
ਖ਼ੁਦ ਗ਼ਮਾਂ ਵਿੱਚ ਹੋ ਕੇ ਬੇਨੂਰ ਚੱਲੇ ਹਾਂ।

ਰਾਹਾਂ ਤੇਰੀਆਂ ਦੀ ਰੇਤ ਮੱਥੇ ਨਾਲ ਲਾ ਲਈ
ਅਸੀਂ ਦਿਲ 'ਚ ਮਸੀਤ ਗ਼ਮਾਂ ਦੀ ਬਣਾ ਲਈ
ਪੜ੍ਹੀ ਦੁੱਖਾਂ ਦੀ ਨਮਾਜ਼, ਐਵੇਂ ਹੋਈਂ ਨਾ ਨਰਾਜ਼
ਅਸੀਂ ਇਸ਼ਕ 'ਚ ਹੋ ਕੇ ਮਸ਼ਹੂਰ ਚੱਲੇ ਹਾਂ।

ਆ ਲੈ ਸਾਂਭ ਲੈ ਤੂੰ ਮਹਿਲ ਤੇ ਚੁਬਾਰੇ ਆਪਣੇ
ਸਾਨੂੰ ਸੁਰਗਾਂ ਤੋਂ ਚੰਗੇ ਛੰਨਾਂ-ਢਾਰੇ ਆਪਣੇ
ਅਮਰੀਕ ਦੀ ਕਹਾਣੀ, ਚੰਨਾਂ-ਤਾਰਿਆਂ ਦੀ ਹਾਣੀ
ਲੈ ਕੇ ਪਲਕਾਂ 'ਤੇ ਹੰਝੂਆਂ ਦਾ ਬੂਰ ਚੱਲੇ ਹਾਂ।

# ਅਸੀਂ ਹਾਰ ਕੇ ਸਨਮ

ਅਸੀਂ ਹਾਰ ਕੇ ਸਨਮ, ਡੋਬ ਲਹੂ 'ਚ ਕਲਮ
ਤੈਨੂੰ ਖ਼ਤ ਲਿਖਿਆ, ਤੈਨੂੰ ਖ਼ਤ ਲਿਖਿਆ।
ਹੋਰ ਸਹਿ ਨਾ ਹੋਣ ਗ਼ਮ, ਅੱਜ ਤਾਹੀਓਂ ਮਹਿਰਮ
ਤੈਨੂੰ ਖ਼ਤ ਲਿਖਿਆ, ਤੈਨੂੰ ਖ਼ਤ ਲਿਖਿਆ।

ਤੈਨੂੰ ਦੱਸੀਏ ਕੀ ਜੋ-ਜੋ ਸਾਡੇ ਨਾਲ ਬੀਤੀਆਂ
ਅਸੀਂ 'ਕੱਲੇ ਬਹਿ ਕੇ ਗੱਲਾਂ ਮੌਤ ਨਾਲ ਕੀਤੀਆਂ
ਫੇਰੇ ਸਾਰਿਆਂ ਨੇ ਮੁੱਖ, ਕੌਣ ਸੁਣੇ ਸਾਡਾ ਦੁੱਖ
ਹੰਝੂ ਵਹਿਣ ਛੰਮ-ਛੰਮ, ਤੈਨੂੰ ਖ਼ਤ ਲਿਖਿਆ।

ਅਸੀਂ ਮਰ ਹੀ ਹਾਂ ਚੱਲੇ ਤੇਰੇ ਬਾਰੇ ਸੋਚਦੇ
ਤੇਰੇ ਗ਼ਮਾਂ 'ਚ ਪਰਿੰਦੇ ਸਾਨੂੰ ਰਹਿਣ ਨੋਚਦੇ
ਹੁਣ ਖਾਣ ਧੁੱਪਾਂ-ਛਾਵਾਂ, ਆਵੇ ਸਾਹ ਨਾ ਸੁਖਾਵਾਂ
ਹੋਇਆ ਨੱਕ ਵਿੱਚ ਦਮ, ਤੈਨੂੰ ਖ਼ਤ ਲਿਖਿਆ।

ਅਮਰੀਕ ਇਹ ਜਹਾਨ ਵੀ ਵੀਰਾਨ ਜਾਪਦਾ
ਵਿਹੜਾ ਧਰਤੀ ਦਾ ਹੁਣ ਸੁੰਨਸਾਨ ਜਾਪਦਾ
ਜੇ ਤੂੰ ਕੋਲ ਹੀ ਨਈਂ ਰਹਿਣਾ, ਅਸੀਂ ਜੀ ਕੇ ਕੀ ਲੈਣਾ ?
ਇਹੀ ਖਾ ਕੇ ਕਸਮ, ਤੈਨੂੰ ਖ਼ਤ ਲਿਖਿਆ।

# ਸਾਥੋਂ ਹੱਸ ਵੀ ਨਾ ਹੋਵੇ

ਸਾਥੋਂ ਹੱਸ ਵੀ ਨਾ ਹੋਵੇ, ਸਾਥੋਂ ਰੋ ਵੀ ਨਾ ਹੋਵੇ।
ਦੁਖ ਦੱਸ ਵੀ ਨਾ ਹੋਵੇ ਤੇ ਲਕੋ ਵੀ ਨਾ ਹੋਵੇ।

ਇਕ ਤਲੀ ਉੱਤੇ ਫੁੱਲ ਦੂਜੀ ਤਲੀ ’ਤੇ ਅੰਗਾਰੇ
ਸਾਨੂੰ ਪਿਆਰ ਨੇ ਦਿਖਾਏ ਕਿੱਦਾਂ-ਕਿੱਦਾਂ ਦੇ ਨਜ਼ਾਰੇ
ਹੰਝੂ ਜਗਦੇ ਨੇ ਪਰ ਹੁਣ ਲੋਅ ਵੀ ਨਾ ਹੋਵੇ।

ਰੱਬ ਜਾਣੇ ਕਿਹੜੇ ਵੇਲੇ ਬੂਹਾ ਮੌਤ ਖੜਕਾਵੇ
ਤੇਰੀ ਯਾਦ ਵਿੱਚ ਪਲ ਭਰ ਨੀਂਦ ਵੀ ਨਾ ਆਵੇ
ਸਾਡੀ ਅੱਖ ਵੀ ਨਾ ਲੱਗੇ ਬੂਹਾ ਢੋਅ ਵੀ ਨਾ ਹੋਵੇ।

ਅਸੀਂ ਉਮਰਾਂ ਹੰਢਾਈਆਂ ਲੰਮੇ ਪੈਂਡੇ ਮਾਰ ਕੇ
ਅਸੀਂ ਜਿੱਤ ਵੀ ਨਾ ਸਕੇ ਤੇ ਨਾ ਬੈਠੇ ਹਾਰ ਕੇ
ਸਾਥੋਂ ਬੈਠ ਵੀ ਨਾ ਹੋਵੇ ਤੇ ਖਲੋ ਵੀ ਨਾ ਹੋਵੇ।

ਤੇਰਾ ਹਾਲ ਧੁੱਪਾਂ-ਛਾਵਾਂ ਕੋਲੋਂ ਰੋਜ਼ ਪੁੱਛਦਾਂ
ਤੇਰੀ ਸੁੱਖ-ਸਾਂਦ ਕਾਵਾਂ ਕੋਲੋਂ ਰੋਜ਼ ਪੁੱਛਦਾਂ
ਸਾਰੇ ਚੁੱਪ-ਚੁੱਪ ਰਹਿਣ ਹੌਲਾ ਹੋ ਵੀ ਨਾ ਹੋਵੇ।

ਰੋਜ਼ ਹੰਝੂਆਂ ਦੇ ਦੀਵੇ ਤੇਰੇ ਰਾਹਾਂ ’ਚ ਜਗਾਵਾਂ
ਜੇ ਤੂੰ ਖ਼ੁਦ ਨਹੀਓਂ ਆਉਣਾ ਦਸ ਮੈਂ ਕਦੋਂ ਆਵਾਂ ?
ਅਮਰੀਕ ਕਿਸੇ ਨਾਲ ਐਨਾ ਮੋਹ ਵੀ ਨਾ ਹੋਵੇ।

# ਗੱਲ ਕਰਦੀ ਨੂੰ

ਗੱਲ ਕਰਦੀ ਨੂੰ ਸੰਗ ਮੈਨੂੰ ਆਏ
ਨੀ ਮੈਨੂੰ ਹੁਣ ਪਿਆਰ ਹੋ ਗਿਆ।
ਮੈਨੂੰ ਮੇਰੇ ਕੋਲੋਂ ਕੋਈ ਤਾਂ ਬਚਾਏ
ਨੀ ਮੈਨੂੰ ਹੁਣ ਪਿਆਰ ਹੋ ਗਿਆ।

ਸਰੂ ਜਿਹਾ ਕੱਦ ਤੇ
ਜਵਾਨੀ ਉਹਤੇ ਕਹਿਰ ਦੀ
ਛੱਲ ਜਿਵੇਂ ਨਹਿਰ ਦੀ।
ਉਹਦੇ ਪ੍ਰਛਾਵੇਂ ਉੱਤੇ
ਅੱਖ ਵੀ ਨਈਂ ਠਹਿਰਦੀ
ਮੱਛੀ ਜਿਵੇਂ ਤੈਰਦੀ।
ਉਹਨੂੰ ਮੇਰੀ ਨਾ ਨਜ਼ਰ ਲੱਗ ਜਾਏ
ਨੀ ਮੈਨੂੰ ਹੁਣ ਪਿਆਰ ਹੋ ਗਿਆ......।

ਲੰਘ ਜਾਵੇ ਜਦੋਂ ਕਦੀ ਉਹੋ ਮੇਰੇ ਕੋਲ ਦੀ
ਜਿੰਦ ਮੇਰੀ ਡੋਲਦੀ।
ਰੱਬਾ ਰੱਖੀਂ ਖ਼ੈਰ ਤੂੰ ਸਦਾ ਹੀ ਮੇਰੇ ਢੋਲ ਦੀ
ਮੈਂ ਨਿੱਤ ਏਹੋ ਬੋਲਦੀ।
ਉਹਨੂੰ ਵੇਖ ਕੇ ਹਵਾ ਵੀ ਗਸ਼ ਖਾਏ
ਨੀ ਮੈਨੂੰ ਹੁਣ ਪਿਆਰ ਹੋ ਗਿਆ......।

ਚੌਹੀਂ ਪਾਸੀਂ ਫੈਲੀ ਉਹਦੇ
ਸਾਹਾਂ ਦੀ ਸੁਗੰਧ ਨੀ
ਉਹ ਰਿਸ਼ਮਾਂ ਦੀ ਤੰਦ ਨੀ।
ਮੁੱਖ ਉਹਦਾ ਜਿਵੇਂ ਹੋਵੇ
ਚੌਧਵੀਂ ਦਾ ਚੰਦ ਨੀ
ਉਹ ਸਭ ਨੂੰ ਪਸੰਦ ਨੀ।
ਉਹਦੇ ਪੈਰਾਂ 'ਚ ਬਹਾਰ ਪੈਲਾਂ ਪਾਏ
ਨੀ ਮੈਨੂੰ ਹੁਣ ਪਿਆਰ ਹੋ ਗਿਆ......।
ਮੈਨੂੰ ਮੇਰੇ ਕੋਲੋਂ ਕੋਈ ਤਾਂ ਬਚਾਏ
ਨੀ ਮੈਨੂੰ ਹੁਣ ਪਿਆਰ ਹੋ ਗਿਆ......।

# ਮੇਰੇ ਸੱਜਣਾ

ਮੇਰੇ ਸੱਜਣਾ ਖ਼ਤ-ਪੱਤਰ ਤੂੰ ਲਿਖੀਂ
ਧਰਤੀ 'ਤੇ ਅੰਬਰ ਤੂੰ ਲਿਖੀਂ।
ਪਲਕਾਂ ਵਰਗੀਆਂ ਸਤਰਾਂ ਦੇ ਵਿਚ
ਅੱਖਾਂ ਜਿਹੇ ਅੱਖਰ ਤੂੰ ਲਿਖੀਂ।

ਵਰ੍ਹੇ ਗੁਜ਼ਰ ਗਏ ਤੇਰੇ ਮੂੰਹੋਂ ਬੋਲ ਕੋਈ ਵੀ ਸੁਣਿਆ ਨਈਂ।
ਤੂੰ ਵੀ ਕਿਸੇ ਰੁਮਾਲ 'ਤੇ ਮੇਰਾ ਨਾਂਅ ਖ਼ਬਰੇ ਹੁਣ ਉਣਿਆ ਨਈਂ।
ਕਿੱਦਾਂ ਤੇਰਾ ਵਕਤ ਗੁਜ਼ਰਦਾ
ਕੈਸਾ ਲੱਗਦੈ ਘਰ ਤੂੰ ਲਿਖੀਂ।

ਇਕ ਵਾਰ ਲਿਖੀਂ ਹੁਣ ਮੌਸਮ ਤੈਨੂੰ ਕਿੰਝ ਲੱਗਦੈ ਕੀ ਕਹਿੰਦਾ ਏ ?
ਹੁਣ ਵੀ ਧੁੱਪਾਂ-ਛਾਵਾਂ 'ਚੋਂ ਕੀ ਮੇਰਾ ਝਾਉਲਾ ਪੈਂਦਾ ਏ ?
ਕੌਣ ਤੇਰਾ ਹੁਣ ਦਰਦ ਵੰਡਾਉਂਦੈ
ਕੌਣ ਹੈ ਉਹ ਮਿੱਤਰ ਤੂੰ ਲਿਖੀਂ।

ਮੇਰੇ ਪਿੱਛਿਓਂ ਗਾਉਂਦੇ ਪੰਛੀ ਮਾੜੇ ਲਗਦੇ ਹੋਣੇ ਨੇ।
ਖਾਨਗਾਹਾਂ ਦੇ ਦੀਵਿਆਂ ਵਾਂਗੂੰ ਹੰਝੂ ਜਗਦੇ ਹੋਣੇ ਨੇ।
ਕੀ ਆਪਣੇ ਪ੍ਰਛਾਵੇਂ ਕੋਲੋਂ
ਹੁਣ ਵੀ ਲੱਗਦੈ ਡਰ ਤੂੰ ਲਿਖੀਂ।

ਕੀ ਹੁਣ ਵੀ ਪੌਣਾਂ 'ਚੋਂ ਤੈਨੂੰ ਮੇਰੇ ਹਾਸੇ ਸੁਣਦੇ ਨੇ।
ਨੈਣ ਤੇਰੇ ਕੀ ਦੱਸ ਹੁਣ ਵੀ ਖ਼ਾਬ ਮਿਲਣ ਦੇ ਬੁਣਦੇ ਨੇ।
ਹੁਣ ਕਿੱਦਾਂ ਦੇ ਲੱਗਦੇ ਨੇ ਇਹ
ਪਰਬਤ, ਰੁੱਖ, ਸਾਗਰ ਤੂੰ ਲਿਖੀਂ।

# ਦੀਵੇ ਹੰਝੂਆਂ ਦੇ

ਦੀਵੇ ਹੰਝੂਆਂ ਦੇ ਬਾਲ਼ ਕੇ ਮੈਂ ਸਾਰੀ-ਸਾਰੀ ਰਾਤ
ਖੜ੍ਹੀ ਕਰਾਂ ਵੇ ਬਰੂਹਾਂ 'ਚ ਉਡੀਕਾਂ ਤੇਰੀਆਂ।
ਮੇਰੀ ਲੰਘ ਗਈ ਜੁਆਨੀ ਤੇਰਾ ਰਾਹ ਵੇਖਦੇ
ਪਰ ਆਉਣਦੀਆਂ ਆਈਆਂ ਨਾ ਤਰੀਕਾਂ ਤੇਰੀਆਂ।

ਤੇਰੇ ਬਿਨਾਂ ਮੇਰੇ ਖ਼ਾਬਾਂ ਦੇ ਮਹਿਲ ਢਹਿ ਗਏ
ਬਾਗ਼ ਸੱਧਰਾਂ ਦੇ ਸੁੱਕ ਕੇ ਵੀਰਾਨ ਹੋ ਗਏ।
ਦਾਗ਼ ਧੁਖ਼ਦੇ ਨੇ ਦਿਲ ਦੇ ਅੰਗਾਰਿਆਂ ਦੇ ਵਾਂਗ
ਲੋਕੀਂ ਹਾਲ ਮੇਰਾ ਵੇਖ ਕੇ ਹੈਰਾਨ ਹੋ ਗਏ।
ਭਾਵੇਂ ਦਿਨ ਭਾਵੇਂ ਰਾਤ/ਮੇਰੀ ਵੱਖਰੀ ਏ ਬਾਤ
ਮੈਂ ਤਾਂ ਖ਼ਾਬਾਂ 'ਚ ਵੀ ਔਸੀਆਂ ਉਲੀਕਾਂ ਤੇਰੀਆਂ।

ਤੇਰੇ ਬਿਨਾਂ ਮੇਰੇ ਚਿਹਰੇ 'ਤੇ ਉਦਾਸੀਆਂ ਦਾ ਰੰਗ
ਪਹਿਲਾਂ ਨਾਲੋਂ ਗੂੜ੍ਹਾ ਤੇ ਪਕੇਰਾ ਹੋ ਗਿਆ।
ਤੇਰਾ ਸਾਥ ਸੀ ਤਾਂ ਲੱਗਦੇ ਸੀ ਅੱਕੜੇ ਗੁਲਾਬ
ਤੇਰੇ ਬਿਨਾਂ ਚੌਹੀਂ ਪਾਸੀਂ ਹੈ ਹਨੇਰਾ ਹੋ ਗਿਆ।
ਨਾ ਬੱਦਲ ਲਿਆਏ/ਨਾ ਪੌਣਾਂ ਹੱਥ ਆਏ
ਨਾ ਚਿੱਠੀਆਂ ਲਿਆਇਆ ਕਦੀ ਕਾਂ ਤੇਰੀਆਂ।

ਹੁਣ ਆ ਜਾ ਘਰ ਆਪਣੇ ਤੇ ਛੱਡ ਪ੍ਰਦੇਸ
ਅਮਰੀਕ ਅਸੀਂ ਦੇਖੀਆਂ ਕਮਾਈਆਂ ਤੇਰੀਆਂ।
ਸਾਥੋਂ ਜੋਬਨੇ ਦਾ ਸੇਕ ਹੁਣ ਹੁੰਦਾ ਨਈਂ ਸਹਾਰ
ਸਾਥੋਂ ਸਹਿ ਨਈਂਓ ਹੁੰਦੀਆਂ ਜੁਦਾਈਆਂ ਤੇਰੀਆਂ।
ਮੇਰੇ ਤੱਤੜੀ ਦੇ ਲੇਖ/ਕਿਤੇ ਆਣ ਕੇ ਤੂੰ ਦੇਖ
ਡਾਰਾਂ ਖੰਭਾਂ ਤੋਂ ਬਣਾਈਆਂ ਨੇ ਸ਼ਰੀਕਾਂ ਤੇਰੀਆਂ।

# ਕਦੀ ਨਿੱਘੀਆਂ ਧੁੱਪਾਂ 'ਤੇ

ਕਦੀ ਨਿੱਘੀਆਂ ਧੁੱਪਾਂ 'ਤੇ ਕਦੀ ਠੰਢੀਆਂ ਛਾਵਾਂ 'ਤੇ।
ਮੈਂ ਰੋਜ਼ ਲਿਖਾਂ ਤੈਨੂੰ ਖ਼ਤ ਸੱਜਣਾ ਹਵਾਵਾਂ 'ਤੇ।

ਤੂੰ ਹੋਠਾਂ 'ਤੇ ਰਹਿੰਦਾ ਏਂ ਨਿੱਤ ਅੱਲ੍ਹਾ ਦੇ ਨਾਂ ਵਾਂਗੂੰ
ਤੂੰ ਨੱਸਿਆ ਨਾ ਕਰ ਮੈਥੋਂ ਹੁਣ ਬੱਦਲਾਂ ਦੀ ਛਾਂ ਵਾਂਗੂੰ
ਤੇਰੇ ਨਕਸ਼ ਤਾਂ ਉੱਕਰੇ ਨੇ ਚੌਹਾਂ ਹੀ ਦਿਸ਼ਾਵਾਂ 'ਤੇ।

ਮੈਂ ਤੇਰੀਆਂ ਪੈੜਾਂ 'ਤੇ ਹਰ ਰੀਝ ਵਿਛਾ ਦਿੱਤੀ
ਮੈਂ ਸਾਰੀ ਹਯਾਤੀ ਹੀ ਨਾਂ ਤੇਰੇ ਲਿਖਾ ਦਿੱਤੀ
ਮੇਰੀ ਨਜ਼ਰ ਵਿਛੀ ਰਹਿੰਦੀ ਨਿੱਤ ਤੇਰੀਆਂ ਰਾਹਵਾਂ 'ਤੇ।

ਥਲ ਲੰਘ ਕੇ ਨਸੀਬਾਂ ਦੇ ਹੈ ਵਸਲਾਂ ਦੀ ਛਾਂ ਮਿਲਣੀ
ਧੁੰਦ ਚੀਰੀਏ ਰਸਮਾਂ ਦੀ ਲੱਪ ਰਿਸ਼ਮਾਂ ਦੀ ਤਾਂ ਮਿਲਣੀ
ਉਂਝ ਰੋਜ਼ ਅਸੀਂ ਮਿਲੀਏ ਖ਼੍ਵਾਬਾਂ 'ਚ ਝਨਾਵਾਂ 'ਤੇ।

ਚੌਗਿਰਦੇ ਦੀ ਸਾਜ਼ਿਸ਼ ਸੀ ਮੈਨੂੰ ਮਾਰ ਮੁਕਾਉਣੇ ਦੀ
ਰਾਹਾਂ ਵਿਚ ਰੋਲਣ ਦੀ ਤੇ ਹਸਤੀ ਮਿਟਾਉਣੇ ਦੀ
ਅਮਰੀਕ ਤਾਂ ਜੀਂਦਾ ਹੈ ਆਸਾਂ ਜਾਂ ਦੁਆਵਾਂ 'ਤੇ।

ਕਦੀ ਨਿੱਘੀਆਂ ਧੁੱਪਾਂ 'ਤੇ ਕਦੀ ਠੰਢੀਆਂ ਛਾਵਾਂ 'ਤੇ।
ਮੈਂ ਰੋਜ਼ ਲਿਖਾਂ ਤੈਨੂੰ ਖ਼ਤ ਸੱਜਣਾ ਹਵਾਵਾਂ 'ਤੇ।

# ਨੀ ਜਿੰਦੇ ਤੂੰ

ਨੀ ਜਿੰਦੇ ਤੂੰ ਕੀ ਲੱਭਦੀ ਏਂ
ਖ਼ੁਦਗਰਜ਼ਾਂ ਦੇ ਸ਼ਹਿਰ ਦੇ ਵਿਚੋਂ।
ਸਿਰਫ਼ ਕੁੜੱਤਣ ਹੀ ਲੱਭਣੀ ਏਂ
ਸਾਗਰ ਦੀ ਲਹਿਰ ਦੇ ਵਿਚੋਂ।

ਇਹ ਖ਼ਬਰੇ ਈਸਾ ਸੀ ਅੱਜ ਦਾ
ਜਾਂ ਕੋਈ ਬੁੱਧ ਸ਼ਾਂਤੀ ਲੱਭਦਾ
ਕੱਲ੍ਹ ਇਕ ਲਾਸ਼ ਮਿਲੀ ਸੀ ਪੁਲਿਸ ਨੂੰ
ਰੁੜ੍ਹਦੀ ਹੋਈ ਨਹਿਰ ਦੇ ਵਿਚੋਂ।

ਅਜੇ ਨਾ ਮਿਲਿਆ ਮਹਿਰਮ ਕੋਈ
ਫਿਰ ਵੀ ਆਪਣੀ ਆਸ ਨਾ ਮੋਈ
ਕੋਈ ਨਾਨਕ ਫਿਰ ਜਨਮੇਗਾ
ਧਰਤੀ ਦੇ ਇਸ ਕਹਿਰ ਦੇ ਵਿਚੋਂ।

ਦੇਖਣ ਵਾਲੀ ਜੇ ਅੱਖ ਹੋਵੇ
ਦਿਲ 'ਚੋਂ ਯਾਰ ਕਿਵੇਂ ਵੱਖ ਹੋਵੇ
ਅੰਮ੍ਰਿਤ ਵੀ ਤਾਂ ਮਿਲ ਸਕਦਾ ਏ
ਨਫ਼ਰਤ ਦੀ ਇਸ ਲਹਿਰ ਦੇ ਵਿਚੋਂ।

ਸੱਧਰਾਂ ਦਾ ਇਹ ਗੋਰਾ ਚਾਨਣ
ਮੈਂ ਤਾਂ ਚਾਹਾਂ ਸਾਰੇ ਮਾਨਣ
ਮੈਨੂੰ ਤਾਂ ਕੁਝ ਨਕਸ਼ ਨੇ ਦੀਹਦੇ
ਵਰਤਮਾਨ ਦੀ ਗਹਿਰ ਦੇ ਵਿਚੋਂ।

# ਮੇਰੇ ਨੈਣਾਂ ’ਚ

ਮੇਰੇ ਨੈਣਾਂ ’ਚ ਗੁਲਾਬੀ ਡੋਰੇ ਤੱਕ ਕੇ
ਹਵਾਵਾਂ ਨੂੰ ਸਰੂਰ ਆ ਗਿਆ।
ਜਦੋਂ ਸ਼ੀਸ਼ੇ ਵਿਚ ਮੁਖੜਾ ਮੈਂ ਤੱਕਿਆ
ਤਾਂ ਖ਼ੁਦ ’ਤੇ ਗ਼ਰੂਰ ਆ ਗਿਆ।

ਵੱਡਿਆ ਕਮਾਊਆ ਤੈਨੂੰ
ਭਲਾ ਇਹਦੀ ਸਾਰ ਕਾਹਦੀ
ਜੁਆਨੀ ’ਚ ਜੁਦਾਈਆਂ ਵਾਲਾ ਦੁਖ ਕਿਵੇਂ ਜਰੀਦਾ ?
ਡੁੱਲ੍ਹ-ਡੁੱਲ੍ਹ ਪੈਂਦੀਆਂ
ਉਮੰਗਾਂ ਕਿਵੇਂ ਸਾਂਭੀਦੀਆਂ
ਗ਼ਮਾਂ ਵਾਲੇ ਸਾਗਰਾਂ ਨੂੰ ਭਲਾ ਕਿਵੇਂ ਤਰੀਦਾ।
ਜਦੋਂ ਹੰਝੂਆਂ ਦੇ ਦੀਵੇ ਮੈਂ ਜਗਾਏ
ਤਾਂ ਨੇਰਿਆਂ ’ਚ ਨੂਰ ਆ ਗਿਆ।

ਦੇਖੀਂ ਮੈਂ ਝਨਾਵਾਂ ਨੂੰ ਵੀ
ਕੱਚਿਆਂ ’ਤੇ ਤਰ ਲੈਣਾ
ਤੇਰੇ ਤੋਂ ਕਿਨਾਰਿਆਂ ’ਤੇ ਪੁੱਜ ਨਹੀਓਂ ਹੋਣਾ ਵੇ।
ਤੈਨੂੰ ਕਿਹਾ ਲੈ ਚਲ,
ਖੇੜਿਆਂ ਦੀ ਕੈਦ ਵਿਚੋਂ
ਨਹੀਂ ਤਾਂ ਫੁੱਟ-ਫੁੱਟ ਪਊ, ਬੇਲਿਆਂ ’ਚ ਰੋਣਾ ਵੇ।
ਤੇਰੇ ਆਉਣ ਦੀ ਅਜੇ ਨਾ ਰੁੱਤ ਆਈ
ਮੁੜ ਅੰਬੀਆਂ ’ਤੇ ਬੂਰ ਆ ਗਿਆ।



ਦੁਨੀਆਂ ਤੋਂ ਡਰ ਗਿਐਂ
ਵੱਡਿਆ ਬਹਾਦਰਾ ਓਏ
ਦੱਸ ਤੇਰੇ ਵਾਅਦਿਆਂ ਦੇ ਤੀਰ ਕਿੱਥੇ ਗਏ ਵੇ ?
ਰੱਬ ਕੋਲੋਂ ਵਾਧੂ ਤੈਨੂੰ
ਮਾਣ ਸਿਗਾ ਜਿਨ੍ਹਾਂ ਉੱਤੇ
ਦੱਸ ਓਹੋ ਬੇਲੀ ਅਤੇ ਵੀਰ ਕਿੱਥੇ ਗਏ ਵੇ ?
ਮੈਨੂੰ ਲੱਗਦੈ ਕਿ ਦਿਲ ਵਿਚ ਤੇਰੇ
ਫਤੂਰ ਕੋਈ ਜ਼ਰੂਰ ਆ ਗਿਆ।

# ਅੱਜ ਧੀਆਂ ਨੂੰ ਮਾਰਨ ਵਾਲੇ

ਅੱਜ ਧੀਆਂ ਨੂੰ ਮਾਰਨ ਵਾਲੇ
ਕੱਲ ਧੀਆਂ ਨੂੰ ਤਰਸਣਗੇ।
ਲਗਰਾਂ ਛਾਂਗਣ ਵਾਲੇ
ਛਾਵਾਂ ਸੰਘਣੀਆਂ ਨੂੰ ਤਰਸਣਗੇ।

ਧੀਆਂ ਤਾਂ ਚੰਬੇ ਦੀਆਂ ਕਲੀਆਂ
ਮਹਿਕਣ ਚਾਰ-ਚੁਫੇਰੇ
ਧੀਆਂ ਵੀ ਤਾਂ ਚੰਨ ਦਾ ਚਾਨਣ
ਜੇ ਪੁੱਤਰ ਸੋਨ-ਸਵੇਰੇ
ਲੋਕ ਸਵੇਰੇ ਲਭਦੇ-ਲਭਦੇ
ਚਾਨਣੀਆਂ ਨੂੰ ਤਰਸਣਗੇ।

ਨਾ ਤਾਂ ਧੀਆਂ ਸ਼ੈਅ ਪਰਾਈ
ਨਾ ਇਹ ਧੰਨ ਬੇਗਾਨਾ
ਧੀਆਂ ਨਾਲ ਹੀ ਬਾਗ-ਬਗੀਚੇ
ਜਾਣੇ ਕੁਲ ਜ਼ਮਾਨਾ
ਧੀਆਂ ਨਾ ਹੋਈਆਂ ਤਾਂ ਵੀਰੇ
ਰੱਖੜੀਆਂ ਨੂੰ ਤਰਸਣਗੇ।

ਨਾ ਧੀਆਂ ਆਟੇ ਦੀਆਂ ਚਿੜੀਆਂ
ਨਾ ਮਿੱਟੀ ਦੀਆਂ ਡਲੀਆਂ
ਹੁਣ ਇਹ ਚੰਨ 'ਤੇ ਜਾ ਕੇ ਦੇਖੋ
ਪਾਉਂਦੀਆਂ ਨੇ ਕਿਕਲੀਆਂ
ਧੀਆਂ ਬਾਝ ਬਨੇਰੇ ਸੁੰਨੇ
ਮੋਰਨੀਆਂ ਨੂੰ ਤਰਸਣਗੇ।

# ਅੱਜ ਖ਼ਤ ਤੇਰਾ

ਅੱਜ ਖ਼ਤ ਤੇਰਾ ਸੱਜਣਾ ਕੀ ਆਇਆ
ਹਵਾਵਾਂ ਵਿਚ ਮਹਿਕ ਭਰ ਗਈ।
ਧੁੱਪਾਂ ਖਿੜ ਕੇ ਕਪਾਹਾਂ ਵਾਂਗ ਹੱਸੀਆਂ
ਤੇ ਛਾਵਾਂ ਵਿਚ ਮਹਿਕ ਭਰ ਗਈ।

ਸਾਨੂੰ ਜਾਪਿਆ ਬਨੇਰਿਆਂ ਦੇ ਉੱਤੇ
ਆ ਕੇ ਚੰਨ ਤਾਰੇ ਬਹਿ ਗਏ।
ਵਿਹੜਾ ਲਿਪਿਆ ਸੁਗੰਧੀਆਂ ਨੇ ਸਾਡਾ
ਤੇ ਰਿਸ਼ਮਾਂ ਦੇ ਫੁੱਲ ਪੈ ਗਏ।
ਦੀਵੇ ਹੰਝੂਆਂ ਦੇ ਜਗ ਪਏ ਹਜ਼ਾਰਾਂ
ਸ਼ੁਆਵਾਂ ਵਿਚ ਮਹਿਕ ਭਰ ਗਈ।

ਵੇ ਝੱਲੀ-ਝੱਲੀ ਮੈਂ ਹੋ ਗਈ
ਮੇਰੇ ਪੱਬ ਨਾ ਜ਼ਮੀਨ ਉੱਤੇ ਲੱਗਦੇ।
ਮੈਨੂੰ ਜਾਪਿਆ ਕਿ ਸਾਹਾਂ ਵਿਚ ਮੇਰੇ-
ਨੇ ਨਸ਼ਿਆਂ ਦੇ ਹੜ੍ਹ ਵਗਦੇ।
ਮੇਰੇ ਨੈਣਾਂ ਦੀਆਂ ਡੂੰਘੀਆਂ ਤੇ ਨੀਲੀਆਂ
ਝਨਾਵਾਂ ਵਿਚ ਮਹਿਕ ਭਰ ਗਈ।

ਨੇੜੇ ਹੋ ਕੇ ਸੁਣੀ ਰੱਬ ਨੇ
ਮੇਰੀ ਰੀਝ ਹਰਿਕ ਪੂਰੀ ਹੋਈ।
ਮਲ੍ਹਿਆਂ ਨੂੰ ਮੋਤੀ ਲੱਗ ਗਏ
ਕੌੜੀ ਨਿੰਮ 'ਚੋਂ ਮਿਠਾਸ ਅੱਜ ਚੋਈ।
ਸੱਚੇ ਦਿਲੋਂ 'ਅਮਰੀਕ' ਨੇ ਜੋ ਕੀਤੀਆਂ
ਦੁਆਵਾਂ ਵਿਚ ਮਹਿਕ ਭਰ ਗਈ।

# ਹੁਣ ਪੰਜਾਬ 'ਚ

ਹੁਣ ਪੰਜਾਬ 'ਚ ਨਿੱਤ ਇਹ ਗੱਲਾਂ ਹੋਣਗੀਆਂ।
ਪੁੱਤ ਪ੍ਰਦੇਸੀ ਤੋਰ ਕੇ ਮਾਵਾਂ ਰੋਣਗੀਆਂ।

ਸੁੰਨੇ ਮਹਿਲ-ਚੁਬਾਰੇ ਵੱਢ ਵੱਢ ਖਾਵਣਗੇ।
ਸਿਖਰ ਦੁਪਹਿਰੇ ਭੈੜੇ ਸੁਪਨੇ ਆਵਣਗੇ।
ਅੰਬਰ ਜਿੱਡਾ ਹਉਕਾ ਭਰ ਕੇ ਸੌਣਗੀਆਂ।

ਪੈਸੇ ਨਾਲ ਕਦੋਂ ਤਕ ਜੀਅ ਨਸ਼ਿਆਏਗਾ।
ਗੱਲ-ਗੱਲ ਉੱਤੇ ਐਵੇਂ ਗੱਚ ਭਰ ਆਏਗਾ।
ਬੇਰਾਂ ਜਿੱਡੇ ਹੰਝੂ ਕਿਵੇਂ ਲੋਕਣਗੀਆਂ ?

ਰੁਖਾਂ ਹੇਠ ਜਾਂ ਮਾਵਾਂ ਰਲ-ਮਿਲ ਬਹਿਣਗੀਆਂ।
ਠੰਢੀਆਂ ਛਾਵਾਂ ਨਾਲ ਵੀ ਲਾਸਾਂ ਪੈਣਗੀਆਂ।
ਹੱਥ ਡਗੋਰੀ ਫੜ ਕੇ ਰਸਤਾ ਟੋਹਣਗੀਆਂ।

ਧੀਆਂ-ਪੁੱਤ ਪ੍ਰਦੇਸ ਵਿਆਹ ਕੇ ਕੀ ਖੱਟਿਆ।
ਨੂਰ ਅੱਖੀਆਂ ਦਾ ਆਪ ਗੁਆ ਕੇ ਕੀ ਖੱਟਿਆ।
'ਅਮਰੀਕ' ਇਹ ਅੱਖਾਂ ਛੱਤਾਂ ਵਾਂਗੂੰ ਚੋਣਗੀਆਂ।
ਪੁੱਤ ਪ੍ਰਦੇਸੀ ਤੋਰ ਕੇ ਮਾਵਾਂ ਰੋਣਗੀਆਂ।

# ਹੁਣ ਮੈਂ ਤਾਂ ਚੁੱਪ

ਹੁਣ ਮੈਂ ਤਾਂ ਚੁੱਪ ਰਹਿੰਨਾ ਮੇਰੇ ਹੰਝੂ ਬੋਲਦੇ ਨੇ।
ਮੇਰੇ ਦੁੱਖਾਂ ਦੀ ਕਹਾਣੀ ਦਾ ਇਹ ਭੇਤ ਖੋਲਦੇ ਨੇ।

ਜਦੋਂ ਹੋਵਾਂ ਮੈਂ ਇਕੱਲਾ, ਬੇਵਸ, ਬੇਸਹਾਰਾ
ਮੈਨੂੰ ਸਾਂਭਦੇ ਨੇ ਹੰਝੂ ਪੀ ਲੈਂਦੇ ਦੁਖ ਸਾਰਾ
ਕਦੀ ਅੱਖੀਆਂ 'ਚ ਰਹਿ ਕੇ
ਕਦੀ ਪਲਕਾਂ 'ਤੇ ਬਹਿ ਕੇ, ਮੇਰਾ ਗ਼ਮ ਫੋਲਦੇ ਨੇ।

ਮੇਰੇ ਹੰਝੂ ਮੇਰੇ ਰੱਬ ਤੇ ਈਮਾਨ ਮੇਰੇ ਹੰਝੂ
ਮੇਰੇ ਵਾਸਤੇ ਹੀ ਗੀਤਾਂ ਤੇ ਕੁਰਾਨ ਮੇਰੇ ਹੰਝੂ
ਮੇਰਾ ਰੱਖਦੇ ਖ਼ਿਆਲ
ਮੈਨੂੰ ਹੈਗੀ ਜਿਹਦੀ ਭਾਲ, ਉਹਦੀ ਪੈੜ ਟੋਲਦੇ ਨੇ।

ਜਿੱਦਾਂ-ਜਿੱਦਾਂ ਮੈਨੂੰ ਡੰਗਦੀ ਏ ਮੇਰੀ ਤਨਹਾਈ
ਜਿੱਦਾਂ-ਜਿੱਦਾਂ ਤੜਫਾਵੇ ਮੈਨੂੰ ਤੇਰੀ ਇਹ ਜੁਦਾਈ
ਓਵੇਂ-ਓਵੇਂ ਹੰਝੂ ਖ਼ਾਰੇ
ਮੇਰੀ ਜ਼ਿੰਦਗੀ 'ਚ ਸਾਰੇ, ਹੀ ਮਿਠਾਸ ਘੋਲਦੇ ਨੇ।

ਜਿਵੇਂ ਲਹੂ 'ਚ ਜੁਦਾਈਆਂ ਵਾਲਾ ਸੇਕ ਰਚੀ ਜਾਵੇ
ਓਵੇਂ-ਓਵੇਂ ਅਮਰੀਕ ਹਰ ਹੰਝੂ ਤਪੀ ਜਾਵੇ
ਮੈਨੂੰ ਕਹਿਣ ਵੰਡ ਹਾਸੇ
ਮੈਨੂੰ ਦਿੰਦੇ ਨੇ ਦਿਲਾਸੇ, ਪਰ ਖ਼ੁਦ ਡੋਲਦੇ ਨੇ।

# ਅੱਖੀਆਂ 'ਚ ਹੰਝੂ ਆ ਗਏ

ਤੇਰਾ ਬੁੱਲੀਆਂ 'ਤੇ ਆਇਆ ਜਦੋਂ ਨਾਂਅ, ਤੇ ਅੱਖੀਆਂ 'ਚ ਹੰਝੂ ਆ ਗਏ।
ਸਾਨੂੰ ਲੱਭੀ ਨਾ ਰੁੱਖਾਂ ਦੇ ਹੇਠੋਂ ਛਾਂ, ਤੇ ਅੱਖੀਆਂ 'ਚ ਹੰਝੂ ਆ ਗਏ।

ਅਸੀਂ ਵੀ ਤਾਂ ਰੁੱਖਾਂ ਜਿਹੀ ਜੂਨ ਏ ਹੰਢਾਈ ਦੀ।
ਮੀਹਾਂ ਅਤੇ ਝੱਖੜਾਂ 'ਚ ਜਿੰਦ ਤੜਪਾਈ ਦੀ।
ਚਾਹੇ ਭੈਣ ਚਾਹੇ ਵੀਰ/ਕਿਸੇ ਪੂੰਝਿਆ ਨਾ ਨੀਰ
ਸਾਨੂੰ ਦਿਲ 'ਚ ਦਿੱਤੀ ਨਾ ਕਿਸੇ ਥਾਂ, ਤੇ ਅੱਖੀਆਂ 'ਚ ਹੰਝੂ ਆ ਗਏ।

ਦੁਨੀਆਂ ਦਾ ਦੁਖ ਅਸੀਂ ਦਿਲ ਨਾਲ ਲਾ ਲਿਆ।
ਪਰ ਸਾਨੂੰ ਸਾਡੇ ਦੁਖਾਂ ਭੋਰ-ਭੋਰ ਖਾ ਲਿਆ।
ਕੋਈ ਬਣਿਆ ਨਾ ਬੇਲੀ/ਜਿੰਦ ਰੁਲ ਗਈ ਅਕੇਲੀ
ਕਿਸੇ ਫੜੀ ਨਾ ਪਿਆਰ ਨਾਲ ਬਾਂਹ, ਤੇ ਅੱਖੀਆਂ 'ਚ ਹੰਝੂ ਆ ਗਏ।

ਅਸੀਂ ਜਿਨ੍ਹਾਂ ਦਿਆਂ ਨੇਰਿਆਂ ਨੂੰ ਨੂਰ ਵੰਡਿਆ।
ਜਿਨ੍ਹਾਂ ਘਰਾਂ ਵਿਚ ਪਿਆਰ ਦਾ ਸਰੂਰ ਵੰਡਿਆ।
ਅੱਜ ਬਣੇ ਉਹੀ ਗ਼ੈਰ/ਪਏ ਕਰਦੇ ਨੇ ਵੈਰ
ਸਾਨੂੰ ਉਨ੍ਹਾਂ ਨੇ ਹੀ ਮਾਰਿਆ ਕੁਥਾਂ, ਤੇ ਅੱਖੀਆਂ 'ਚ ਹੰਝੂ ਆ ਗਏ।

ਅਸੀਂ ਦਿਨ ਰਾਤ ਜਿਨ੍ਹਾਂ ਲਈ ਦੁਆਵਾਂ ਮੰਗੀਆਂ।
ਜਿਨ੍ਹਾਂ ਵਾਸਤੇ ਰੁੱਖਾਂ ਦੇ ਕੋਲੋਂ ਛਾਵਾਂ ਮੰਗੀਆਂ।
ਉਨ੍ਹਾਂ ਕਹਿਰ ਇਹ ਕਮਾਇਆ/ਸਾਨੂੰ ਧੁੱਪੇ ਤੜਪਾਇਆ
ਸਾਡੇ ਨਾਲ ਕੀਤਾ ਚੰਗਾ ਇਹ ਨਿਆਂ, ਤੇ ਅੱਖੀਆਂ 'ਚ ਹੰਝੂ ਆ ਗਏ।

# ਮੇਰਾ ਗ਼ਮ ਨੇ ਵੰਡਾਉਂਦੇ

ਮੇਰਾ ਗ਼ਮ ਨੇ ਵੰਡਾਉਂਦੇ, ਗ਼ਮਖ਼ਾਰ ਮੇਰੇ ਹੰਝੂ।
ਸਾਰੀ ਦੁਨੀਆ ਤੋਂ ਸੱਚੇ-ਸੁੱਚੇ ਯਾਰ ਮੇਰੇ ਹੰਝੂ।

ਜਦੋਂ ਜਿੰਦ ਮੇਰੀ ਡੋਲੇ ਓਦੋਂ ਦੌੜ ਕੇ ਇਹ ਆਉਂਦੇ।
ਮੈਨੂੰ ਦਿੰਦੇ ਨੇ ਦਿਲਾਸਾ ਮੈਨੂੰ ਡੋਲਣੋਂ ਬਚਾਉਂਦੇ।
ਮੇਰੇ ਜਨਮਾਂ ਦੇ ਹਾਣੀ, ਜਿਨ੍ਹਾਂ ਪੀੜ ਮੇਰੀ ਜਾਣੀ
ਦੁਖਾਂ-ਦਰਦਾਂ ਦੇ ਸਾਥੀ, ਦਿਲਦਾਰ ਮੇਰੇ ਹੰਝੂ।

ਮੇਰੇ ਹੰਝੂ ਮੇਰੇ ਰੱਬ ਦਿਲ-ਜਾਨ ਮੇਰੇ ਹੰਝੂ।
ਮੇਰੇ ਰਾਮ ਤੇ ਰਹੀਮ-ਰਹਿਮਾਨ ਮੇਰੇ ਹੰਝੂ।
ਮੇਰੇ ਪਿਆਰ ਦੀ ਨਿਸ਼ਾਨੀ, ਮੇਰੇ ਯਾਰ ਦੀ ਨਿਸ਼ਾਨੀ
ਮੈਨੂੰ ਸਾਂਭ ਲੈਂਦੇ ਆ ਕੇ, ਹਰ ਵਾਰ ਮੇਰੇ ਹੰਝੂ

ਮੈਨੂੰ ਗ਼ਮਾਂ ਦੇ ਸਮੁੰਦਰਾਂ 'ਚੋਂ ਪਾਰ ਇਨ੍ਹਾਂ ਲਾਇਆ।
ਰੱਬ ਜਾਣੇ ਕਿੰਨੀ ਵਾਰੀ ਇਨ੍ਹਾਂ ਡੁੱਬਣੋਂ ਬਚਾਇਆ।
ਜਦੋਂ ਕਦੀ ਡੋਲ ਜਾਵਾਂ, ਜਦੋਂ ਮਰਨਾ ਮੈਂ ਚਾਹਵਾਂ
ਉਦੋਂ ਆਣ ਕੇ ਵੰਡਾਉਂਦੇ ਮੇਰਾ ਭਾਰ ਮੇਰੇ ਹੰਝੂ।

ਮੇਰੇ ਮੌਲਾ ਜੇ ਨਾ ਹੰਝੂ ਕਿਤੇ ਮਿਹਰਬਾਨ ਹੁੰਦੇ।
ਫੇਰ ਪਤਾ ਨਹੀਂਓਂ ਕਿੱਦਾਂ ਦੇ ਇਹ ਇਨਸਾਨ ਹੁੰਦੇ।
ਭਾਵੇਂ ਲੱਖ ਚੰਨ ਤਾਰੇ, ਹੋਰ ਕਿੰਨੇ ਨੇ ਨਜ਼ਾਰੇ
ਪਰ 'ਅਮਰੀਕ' ਅਸਲੀ ਸ਼ਿੰਗਾਰ ਮੇਰੇ ਹੰਝੂ।